NO. 1
DATE

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਾਮਧਾਰੀ

ਸ਼ਹੀਦਾਂ

ਦੀ

ਯਾਦ

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

੧੫ ਸਤੰਬਰ ੧੮੭੧ ਨੂੰ ਸ੍ਰੀ ਅਮ੍ਰਿਤਸਰ ਵਿਚ ਸ਼ਹੀਦ ਹੋ ਰਹੇ ਨਾਮਧਾਰੀ ਸਿੰਘ



ਅੰਗ੍ਰੇਜ ਸ੍ਰਕਾਰ ਵਿਰੁਧ ਆਂਦੋਲਨਕਾਰੀ ੬੬ ਨਾਮਧਾਰੀ ਸਿੰਘਾਂ ਦਾ ਮਲੇਰ ਕੋਟਲੇ ਵਿਖੇ ਤੋਪਾਂ ਅਗੇ ਸ਼ਹੀਦ ਹੋਣਾਂ (ਬਲੀਦਾਨ) ਜਨਵਰੀ ੧੭-੧੮, ੧੮੭੨



Namdharis who rebelled against British Government are being martyred at Maler Kotla on January, 17-18, 1872

ਸੀਸ ਦੀਏ ਅਰ ਸੀ ਨਾ ਕਰੀ ਜਿਨ,
ਸਿਖਨ ਤਾਹਿ ਕੇ ਮੈ ਬਲਿਹਾਰੀ
ਰੋ-ਹਿਤ ਰੋਇ ਤਨੀਸਹਿ ਕੇ ਜਿਨ
ਬੁਚੜ ਮਾਰ ਕੇ ਧੈਨ ਉਬਾਰੀ

(ਸੰਤ ਨਿਹਾਲ ਸਿੰਘ ਜੀ)

NO. 3
DATE

ਜਿਥੋਂ ਤਕ ਪਿਛਲੇ ਇਤਿਹਾਸ ਦਾ ਪਤਾ ਲਗਦਾ ਹੈ, ਉਦੋਂ ਤੋਂ ਹੀ ਮਨੁਖ ਦਾ ਅਤੇ ਗਊ ਦਾ ਅਨਿਖੜਵਾਂ ਸਬੰਧ ਰਿਹਾ ਹੈ। ਅੰਪਣੀ ਜਨਨੀ ਮਾਤ ਦੇ ਤੁਲਿ ਤਾਂ ਕੋਈ ਨਹੀਂ ਪਰ ਜਰਾ ਵਿਚਾਰ ਕਰੀਏ ਤਾਂ ਪਤਾ ਲਗਦਾ ਹੈ ਕਿ ਜਨਨੀ ਮਾਤ ਮਸਾਂ ਦੋ ਕੁ ਸਾਲ ਹੀ ਬੱਚੇ ਨੂੰ ਦੁਧ ਦੇਂਦੀ ਹੈ ਅਤੇ ਇਸ ਤੋਂ ਅਗੇ ਬੱਚੇ (ਮਨੁਖ) ਨੂੰ ਸਾਰੀ ਉਮਰ ਗਊ ਦੇ ਦੁੱਧ ਤੇ ਹੀ ਨਿਰਭਰ ਕਰਨਾ ਪੈਂਦਾ ਹੈ। ਇਸੇ ਲਈ ਗਊ ਨੂੰ ਗਊ ਮਾਤਾ ਕਰਕੇ ਸਤਿਕਾਰਿਆ ਜਾਂਦਾ ਹੈ। ਦੁਧ ਤਾਂ ਭਾਵੇਂ ਕਈ ਜਾਨਵਰਾਂ ਤੋਂ ਪ੍ਰਾਪਤ ਹੁੰਦਾ ਹੈ ਪਰ ਸਿਆਣੇ ਆਦਮੀਆਂ ਨੇ ਤਜਰਬੇ ਕਰਕੇ ਇਹੀ ਨਤੀਜਾ ਕਢਿਆ ਹੈ ਕਿ ਜਿਹੜੇ ਲਾਭਦਾਇਕ ਗੁਣ ਗਊ ਦੇ ਦੁਧ ਵਿਚ ਹਨ ਉਹ ਕਿਸੇ ਹੋਰ ਜਾਨਵਰ ਦੇ ਦੁਧ ਵਿਚ ਨਹੀਂ ਹਨ। ਡਾਕਟਰਾਂ ਦੇ ਵਿਚਾਰ ਅਨੁਸਾਰ ਅਰੋਗਤਾ ਬਣਾਉਣ ਅਤੇ ਕਾਇਮ ਰਖਣ ਵਾਸਤੇ ਅਤੇ ਬੀਮਾਰ ਆਦਮੀ ਨੂੰ ਅਰੋਗ ਕਰਨ ਵਾਸਤੇ ਗਊ ਦੇ ਦੁਧ ਵਿਚ ਅਦਭੁਤ ਸ਼ਕਤੀ ਹੈ। ਵੀਰਜ ਅਤੇ ਮਾਨਸਕ ਸ਼ਕਤੀ ਲਈ ਵੀ ਗਊ ਦਾ ਦੁਧ ਅੰਮ੍ਰਿਤ ਸਮਾਨ ਹੈ। ਗਊ ਦਾ ਘਿਓ ਅਤੇ ਦੁਧ ਦਮਾਗੀ ਸਕਤੀ ਅਤੇ ਅੱਖਾਂ ਲਈ ਵੀ ਬਹੁਤ ਲਾਭਦਾਇਕ ਹੈ

ਹੁਣ ਜ਼ਰਾ ਗਊ ਦੇ ਬੱਚੇ ਬਲਦ ਬਾਰੇ ਵਿਚਾਰ ਹੈ। ਇਕ ਪੰਜਾਬੀ ਕਹਾਵਤ ਹੈ :- "ਧੰਨ ਗਊ ਦਾ ਜਾਇਆ ਜਿਸ ਨੇ ਸਾਰਾ ਜਗ ਵਸਾਇਆ"

ਹਰ ਕਿਸਮ ਦਾ ਅਨਾਜ ਖੇਤਾਂ ਵਿਚ ਹੀ ਹੁੰਦਾ ਹੈ ਅਤੇ ਖੇਤੀ ਵਾੜੀ ਦੇ ਸਾਰੇ ਕੰਮ ਖੇਤ ਵਾਹੁਣੇ, ਬੀਜਣੇ ਅਤੇ ਸਿੰਜਣੇ ਬਲਦਾਂ ਰਾਹੀਂ ਹੀ ਹੁੰਦੇ ਹਨ। ਫਿਰ ਜਦ ਖੇਤੀ ਪਕੱਣ ਤੇ ਆਉਂਦੀ ਹੈ ਤਾਂ ਗਾਹ ਗਹਾਈ ਕਰਕੇ ਦਾਣੇ ਕਢਣੇ ਅਤੇ ਦਾਣੇ ਘਰ ਲਿਆਉਣੇ ਆਦਿ ਸਾਰੇ ਕੰਮ ਬਲਦਾਂ ਰਾਹੀਂ ਹੀ ਹੁੰਦੇ ਹਨ। ਹੋਰ ਵੀ ਕਈ ਕੰਮ ਬਲਦਾਂ ਕੋਲੋਂ ਲੈ ਜਾਂਦੇ ਹਨ। ਬਲਦ ਨੂੰ ਪੈਦਾ ਕਰਨ ਵਾਲੀ ਗਊ ਹੀ ਹੈ, ਜੇ ਗਊ ਨ ਹੋਵੇ ਤਾਂ ਬਲਦ ਕਿਥੋਂ ਮਿਲਣ?

ਗਊ ਦੇ ਸਿਰਫ ਇਹੀ ਲਾਭ ਨਹੀਂ ਕਿ ਉਹ ਦੁਧ ਦਿੰਦੀ ਅਤੇ ਬਲਦ ਪੈਦਾ ਕਰਦੀ ਹੈ ਸਗੋਂ ਉਸਦਾ ਗੋਹਾ ਅਤੇ ਮੂਤਰ ਵੀ ਕਈ ਰੋਗਾਂ ਵਾਸਤੇ ਲਾਭਕਾਰੀ ਹਨ ਗੋਹਾ ਬਾਲਨ ਦੇ ਰੂਪ ਵਿਚ ਵੀ ਵਰਤਿਆ ਜਾਂਦਾ ਹੈ।

ਗਊ ਦੇ ਗੁਣਾਂ ਕਰਕੇ ਹੀ ਸਾਡੇ ਧਾਰਮਕ ਗ੍ਰੰਥਾਂ ਵਿਚ ਇਸ ਨੂੰ ਗਊਮਾਤਾ ਕਰ ਕੇ ਲਿਖਿਆ ਗਿਆ ਹੈ ਅਤੇ ਇਸ ਦੀ ਸੇਵਾ ਅਤੇ ਰੱਖਿਆ ਕਰਨ ਬਾਰੇ ਸਿਖਿਆ ਦਿੱਤੀ ਹੈ। ਇਕ ਕਵੀ ਸ੍ਰੀ ਸੁਰਿੰਦਰ ਸਿੰਘ ਜੀ ਮੁਕਤ ਲਿਖਦੇ ਹਨ

ਖਾਵੇ ਘਾਹ ਤੇ ਦਵੇ ਅਥਾਹ ਅੰਮ੍ਰਿਤ, ਹਦੋਂ ਵਧ ਕੁਰਬਾਨੀ ਹੈ ਗਾਂ ਕਰਦੀ
ਕਰੇ ਸੇਵਾ ਇਹ ਰੋਗੀ ਤੇ ਬੁਢਿਆਂ ਦੀ, ਸੇਵਾ ਬਚੇ ਦੀ ਜਿਸਤਰਾਂ ਮਾਂ ਕਰਦੀ
ਅੰਮ੍ਰਿਤ ਦੁਧ ਦੇ ਪਾਲਦੀ ਉਮਰ ਸਾਰੀ, ਪਾਲਾ ਧੁਪ ਸਹਿ ਭੁਖ, ਨਹੀਂ ਨਾ ਕਰਦੀ
ਪੁਤ ਇਹਦੇ ਖਰਾਸ ਖੂਹ ਵਗਣ ਗਡੇ, ਭਲਾ ਦਸੋ ਇਹ ਕਿਹੜਾ ਗੁਨਾਹ ਕਰਦੀ
ਦੇਵੇ ਜਾਨ ਸੰਤਾਨ ਇਹ ਦੇਸ ਖਾਤਰ, ਬੰਜਰ ਪੁਟਦਾ ਏਸਦਾ ਲਾਲ ਸੋਹਣਾ
ਅੰਨ ਧਨ ਇਹ ਅਸਾਂ ਲਈ ਕਰੇ ਪੈਦਾ, ਗਊ ਬਾਝ ਨਹੀਂ ਦੇਸ਼ ਖੁਸ਼ਹਾਲ ਹੋਣਾ

ਵਰਤਾ ਯਾਰਾ ਦ ਕਮ ਅਸਰਕਲ ਭਾਵ ਟਰੈਕਟਰ ਅਤੇ ਹੋਰ ਮਸ਼ੀਨਾਂ ਨਾਲ ਹੁੰਦੇ ਹਨ ਪਰ ਬਹੁਤੀਆਂ ਥਾਵਾਂ ਤੇ ਬਲਦਾਂ ਰਾਹੀਂ ਹੀ ਹੁੰਦਾ ਹੈ

ਗਊ ਚੌਦਵਾਂ ਰਤਨ ਹੈ ਕਾਮਧੇਨ ਤਿਹ ਨਾਮ ।
ਪੂਜਨ ਸਭ ਅਵਤਾਰ ਤਿਹ ਕਰਕੇ ਮਾਤ ਸਮਾਨ,

ਸਾਡੇ ਬਜ਼ੁਰਗ ਜਿਥੇ ਇਨ੍ਹਾਂ ਦੀ ਪੂਜਾ ਕਰਦੇ ਸਨ ਉਥੇ ਇਨ੍ਹਾਂ ਦੀ ਰਖਿਆ ਅਤੇ ਸੇਵਾ ਵੀ ਕਰਦੇ ਸਨ। ਦੁਆਪਰ ਦੇ ਅਵਤਾਰ ਸੋਲਾਂ ਕਲਾ ਸੰਪੂਰਣ ਸ੍ਰੀ ਕ੍ਰਿਸ਼ਨ ਚੰਦਰ ਜੀ ਮਹਾਰਾਜ ਲੋਕਾਂ ਨੂੰ ਸਿਖਿਆ ਦੇਣ ਵਾਸਤੇ ਆਪ ਗਊਆਂ ਚਾਰਦੇ ਰਹੇ ਜਿਸ ਤਰਾਂ ਲਿਖਿਆ ਹੈ

ਬਿੰਦਰਾਬਨ ਮਨ ਹਰਨ ਮਨੋਹਰ
ਕ੍ਰਿਸਨ ਚਰਾਵਤ ਗਾਊ ਰੇ

ਅਥਵਾ

ਬੇਨੁ ਬਜਾਵੈ ਗੋਧਨੁ ਚਰੈ
ਨਾਮੇ ਕਾ ਸੁਆਮੀ ਆਨਦ ਕਰੈ

ਗਊ ਚਾਰਨ ਕਰਕੇ ਹੀ ਆਪ ਜੀ ਨੂੰ ਸ੍ਰੀ ਕ੍ਰਿਸ਼ਨ ਗੋਪਾਲ ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ

ਕਲਜੁਗ ਦੇ ਅਵਤਾਰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਕਾਜ਼ੀ ਰੁਕਨ ਦੀਨ ਨੂੰ ਕਹਿਆ ਸੀ

ਨਾਨਕ ਆਖੈ ਰੁਕਨ ਦੀਨ ਲਿਖਿਆ ਵਿਚ ਕਿਤਾਬ
ਗਊ ਸੂਰ ਨੂੰ ਮਾਰਿਆਂ ਨਰਗਨ ਬਹੁਤ ਅਜਾਬ

ਗਊ ਚਉਧਵਾਂ ਰਤਨ ਹੈ ਕਾਮਧੇਨ ਤਿਹ ਨਾਮ
ਪੂਜਨ ਸਭ ਅਵਤਾਰ ਤਿਹ ਕਰਕੇ ਮਾਤ ਸਮਾਨ

ਭਾਈ ਸੰਤੋਖ ਸਿੰਘ ਜੀ ਨੇ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ

ਪਾਲਨ ਹੇਤ ਸਨਾਤਨ ਨੇਤੈ ਵੈਦਿਕ ਧਰਮ ਰਖਨ ਕੇ ਹੇਤੈ
ਆਪ ਪ੍ਰਭੂ ਗੁਰੂ ਨਾਨਕ ਰੂਪੰ ਪ੍ਰਗਟ ਭਏ ਜਗ ਮੇਂ ਸੁਖ ਭੂਪੰ

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਾਦੁਰਭਾਵ ਹੋਇਆ ਸੀ ਉਦੋਂ ਭਾਰਤ ਵਿਚ ਇਸਲਾਮੀ ਰਾਜ ਸੀ। ਮੁਸਲਮਾਨ ਭਾਰਤ ਦੇ ਧਰਮ ਨੂੰ ਖਤਮ ਕਰਨਾ ਚਾਹੁੰਦੇ ਸਨ

ਅਤੇ ਆਪਣਾ ਧਰਮ ਫੈਲਾਉਣਾ ਚਾਹੁੰਦੇ ਸਨ । ਤਾਂਹੀਓਂ ਤਾਂ ਭਾਈ ਗੁਰਦਾਸ ਜੀ ਲਿਖਦੇ ਹਨ

ਠਾਕੁਰ ਦੁਆਰੇ ਢਾਹਿਕੈ ਤਿਹ ਠਉੜੀ ਮਸੀਤ ਉਸਾਰਾ

ਮੁਸਲਮਾਨ ਅਪਣੇ ਧਰਮ ਅਨੁਸਾਰ ਸੂਰ ਨੂੰ ਪਵਿਤ੍ਰ ਸਮਝਦੇ ਹਨ । ਉਨ੍ਹਾਂ ਭਾਰਤ ਦੇ ਧਰਮ ਨੂੰ ਹਾਨੀ ਪਹੁੰਚਾਉਣ ਖਾਤਰ, ਭਾਰਤ ਦੇ ਧਰਮ ਦੇ ਵਿਸ਼ੇਸ਼ ਅੰਗ ਗਊ ਰਖਿਆ ਦੀ ਥਾਂ ਗਊ ਬਧ ਸ਼ੁਰੂ ਕਰ ਦਿੱਤਾ । ਭਾਈ ਗੁਰਦਾਸ ਜੀ ਲਿਖਦੇ ਹਨ :-

ਮਾਰਨ ਗਊ ਗਰੀਬ ਨੂੰ ਧਰਤੀ ਉਪਰ ਪਾਪ ਬਿਥਾਰ

ਜਦੋਂ ਤੁਰਕ ਗਊ ਨੂੰ ਬੇਦਰੇਗੀ ਨਾਲ ਕਤਲ ਕਰਨ ਲਗ ਪਏ ਤਾਂ ਗੁਰੂ ਨਾਨਕ ਜੀ ਦੇ ਦਸਵੇਂ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਪਾਸੇ ਅਕਾਲ ਪੁਰਖ ਅਗੇ ਇਹ ਅਰਦਾਸ ਕੀਤੀ

ਯਹੀ ਦੇਹਿ ਆਗਿਆ ਤੁਰਕਨ ਗਹਿ ਖਪਾਊਂ
ਗਊ ਘਾਤ ਕਾ ਦੋਖ ਜਗ ਸਿਉ ਮਿਟਾਊਂ

ਅਤੇ ਦੂਜੇ ਪਾਸੇ ਤੁਰਕ ਰਾਜ ਨੂੰ ਜੋੜੋਂ ਉਖੇੜ ਦੇਣ ਲਈ ਤੁਰਕਾਂ ਨਾਲ ਲੜਾਈਆਂ ਲੜੀਆਂ । ਇਕ ਦਿਨ ਐਸਾ ਆ ਗਿਆ ਪੰਜਾਬ ਵਿਚ ਸਿਖ ਰਾਜ ਕਾਇਮ ਹੋ ਗਿਆ ਅਤੇ ਗਊ ਬਧ ਬੰਦ ਹੋ ਗਿਆ । ਗਊ ਬਧ ਕਰਨ ਵਾਲੇ ਵਾਸਤੇ ਮੌਤ ਦੀ ਸਜ਼ਾ ਰਖੀ ਗਈ

The Penalty for killing kine was death.

ਸੰਨ ੧੮੩੯ ਵਿਚ ਮਹਾਰਾਜਾ ਰਣਜੀਤ ਸਿੰਘ ਚੜ੍ਹਾਈ ਕਰ ਗਿਆ । ਸਰਦਾਰਾਂ ਦੀ ਗਦਾਰੀ ਅਤੇ ਸਿਖਾਂ ਦੀ ਆਪਸੀ ਫੁਟ ਕਾਰਨ ਪੰਜਾਬ ਅੰਗਰੇਜ਼ਾਂ ਦੇ ਕਬਜੇ ਵਿਚ ਚਲਾ ਗਿਆ । ਅੰਗਰੇਜ਼ ਜਾਣਦੇ ਸਨ ਕਿ ਅੰਮ੍ਰਿਤਸਰ ਸਿਖਾਂ ਦਾ ਕੇਂਦਰ ਹੈ ਪੂਜਣ ਜੋਗ ਧਰਮ ਅਸਥਾਨ ਹੈ ਅਤੇ ਸਿਖ ਧਰਮ ਵਿਚ ਗਊ ਹਤਿਆ ਦੀ ਸਖਤ ਮਨਾਹੀ ਹੈ । ਉਨ੍ਹਾਂ ਨੇ ਸਿਖਾਂ ਅਥਵਾ ਪੰਜਾਬੀਆਂ ਦੀ ਭਾਵਨਾਵਾਂ ਨੂੰ ਮੁਖ ਰਖਦਿਆਂ ੨੪ ਮਾਰਚ ੧੮੪੭ ਨੂੰ ਤਾਂਬੇ ਦੀ ਇਕ ਸਲੇਟ ਉਤੇ ਉਕਰਵਾ ਕੇ ਦਰਬਾਰ ਸਾਹਿਬ ਦੀ ਡਿਓੜ੍ਹੀ ਦੇ ਅਗੇ ਲਾ ਦਿਤੀ ਕਿ ਅੰਮ੍ਰਿਤਸਰ ਵਿਚ ਗਊ ਬਧ ਨ ਕੀਤਾ ਜਾਏ

KINE ARE NOT TO BE KILLED AT AMRITSAR

(ਇਹ ਸਲੇਟ ਸਰ ਹੈਨਰੀ ਐਮ ਲਾਰੈਂਸ ਦੇ ਹੁਕਮ ਅਨੁਸਾਰ ਲਾਈ ਗਈ ਸੀ)

ਕੁਝ ਚਿਰ ਪਿਛੋਂ ਅੰਗਰੇਜ਼ਾਂ ਨੇ ਕੁਝ ਸਿਖਾਂ ਨੂੰ ਅਪਣੇ ਅਸਰ ਹੇਠ ਕਰ ਲਿਆ ਅਤੇ ਵੇਖਿਆ ਕਿ ਇਹ ਕਮਜ਼ੋਰ ਹੋ ਗਏ ਹਨ ਅਤੇ ਸਿਖਾਂ ਦੀ ਅਣਖ ਖਤਮ ਹੋ ਗਈ ਹੈ

ਤਾਂ ਉਨ੍ਹਾਂ ਨੇ ਉਹ ਸਲੋਟ ਹਟਾ ਦਿੱਤੀ ਅਤੇ ੫ ਮਈ ੧੮੪੯ ਨੂੰ ਸਾਰੇ ਪੰਜਾਬ ਵਿਚ ਗਊ ਹਤਿਆ ਦੀ ਖੁਲ੍ਹ ਦੇ ਦਿੱਤੀ। ਇਸ ਦਾ ਨਤੀਜਾ ਇਹ ਹੋਇਆ ਕਿ ਮੁਸਲਮਾਨਾਂ ਦੇ ਹੌਂਸਲੇ ਵਧ ਗਏ ਅਤੇ ਗਊ ਬਧ ਕਰਨ ਵਾਸਤੇ ਕਈ ਬੁਚੜ ਖਾਨੇ ਖੁਲ੍ਹ ਗਏ। ਮੁਸਲਮਾਨ ਕਸਾਈ ਬਿਨਾਂ ਕਿਸ ਡਰ ਦੇ ਟੋਕਰਿਆਂ ਵਿਚ ਗਊ ਮਾਸ ਰਖ ਕੇ ਸ਼ਹਿਰਾਂ ਦੀ ਗਲੀਆਂ ਮਹੱਲਿਆਂ ਵਿਚ ਫਿਰ ਫਿਰ ਕੇ ਵੇਚਣ ਲਗ ਪਏ। ਵਡੇ ਵਡੇ ਸਰਦਾਰ ਤਾਂ ਡਰਦੇ ਮਾਰੇ ਜਾਂ ਲਾਲਚ ਵਸ ਹੋ ਅੰਗ੍ਰੇਜ਼ ਭਗਤ ਬਣ ਚੁਕੇ ਸਨ। ਉਨ੍ਹਾਂ ਨੇ ਤਾਂ ਇਸ ਤਰਾਂ ਖੁਲਮ ਖੁਲਾ ਗਊ ਮਾਸ ਵਿਕਣ ਦੇ ਖਿਲਾਫ ਕੋਈ ਆਵਾਜ਼ ਨ ਉਠਾਈ। ਬਾਕੀ ਰਹਿ ਗਏ ਗਰੀਬ ਲੋਕ। ਗਰੀਬਾਂ ਦੀ ਉਂਝ ਹੀ ਕੋਈ ਸੁਨਵਾਈ ਨਹੀਂ ਸੀ। ਕਈ ਛੋਟੇ ਛੋਟੇ ਫਸਾਦ ਹੋਏ ਪਰ ਕਚਹਿਰੀਆਂ ਵਿਚ ਮੁਕੱਦਮਿਆਂ ਦੇ ਫੈਸਲੇ ਮੁਸਲਮਾਨਾਂ ਦੇ ਹਕ ਵਿਚ ਹੀ ਹੁੰਦੇ ਰਹੇ।

ਅੰਗਰੇਜ਼ ਬੜੇ ਚਾਲਬਾਜ਼ ਸਨ। ਉਨ੍ਹਾਂ ਅਪਣੀ ਪਾੜੋ ਅਤੇ ਰਾਜ ਕਰੋ (Divide & Rule) ਦੀ ਨੀਤੀ ਅਨੁਸਾਰ ਹਿੰਦੂਆਂ ਸਿਖਾਂ ਅਤੇ ਮੁਸਲਮਾਨਾਂ ਵਿਚ ਫਸਾਦ ਕਰਾਉਣ ਵਾਸਤੇ ਮੁਸਲਮਾਨਾਂ ਨੂੰ ਉਕਸਾ ਕੇ ਇਕ ਬੁਚੜ ਖਾਨਾ ਦਰਬਾਰ ਸਾਹਿਬ ਦੇ ਕੋਲ ਹੀ ਖੁਲਵਾ ਦਿੱਤਾ। ਇਥੇ ਬੁਚੜ ਖਾਨੇ ਦੇ ਖੁਲਣ ਦਾ ਭਾਵ ਸਿਖਾਂ ਦੀ ਅਣਖ ਨੂੰ ਇਕ ਚੈਲੈਂਜ (Challenge) ਸੀ।

ਇਸ ਬੁਚੜਖਾਨੇ ਰੋਜ਼ ਗਊਆਂ ਕਤਲ ਹੋਣ ਲਗੀਆਂ। ਮਰੀਆਂ ਹੋਈਆਂ ਗਊਆਂ ਦੀਆਂ ਹੱਡੀਆਂ ਖਿਲਰੀਆਂ ਪਈਆਂ ਰਹਿੰਦੀਆਂ। ਇਹ ਹੱਡੀਆਂ ਜਾਨਵਰ ਚੁੱਕ ਕੇ ਲੈ ਜਾਂਦੇ। ਕਈ ਜਾਨਵਰ ਤਾਂ ਅਪਣੇ ਆਲ੍ਹਣਿਆਂ ਤਕ ਪਹੁੰਚ ਜਾਂਦੇ ਅਤੇ ਕਈਆਂ ਜਾਨਵਰਾਂ ਦੇ ਮੂੰਹੋਂ ਹੱਡੀਆਂ ਡਿਗ ਪੈਂਦੀਆਂ। ਇਹ ਕੋਈ ਸਰੋਵਰ ਵਿਚ ਜਾ ਪੈਂਦੀ ਕੋਈ ਪਰਕਰਮਾਂ ਵਿਚ ਡਿਗ ਪੈਂਦੀ। ਇਸ ਤਰਾਂ ਜਿਥੇ ਸਰੋਵਰ ਦਾ ਅੰਮ੍ਰਿਤ ਜਲ ਅਪਵਿੱਤਰ ਅਤੇ ਗੰਦਾ ਹੁੰਦਾ ਰਹਿੰਦਾ ਸੀ ਉਥੇ ਪਰਕਰਮਾਂ ਵਿਚ ਵੀ ਥਾਂ ਥਾਂ ਤੇ ਹੱਡੀਆਂ ਅਤੇ ਗਊ ਮਾਸ ਦੀਆਂ ਬੋਟੀਆਂ ਖਿਲਰੀਆਂ ਪਈਆਂ ਹੁੰਦੀਆਂ ਸਨ। ਇਸ ਤਰਾਂ ਸ੍ਰੀ ਹਰਿਮੰਦਰ ਸਾਹਿਬ ਦੀ ਘੋਰ ਬੇਅਦਬੀ ਹੋ ਰਹੀ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤਾਂ ਪਹਿਲਾਂ ਹੀ ਅੰਗਰੇਜ਼ਾਂ ਦਾ ਪੰਜਾਬ ਵਿਚ ਰਾਜ ਹੋਣ ਨਾਲ ਤੰਗ ਸਨ ਅਤੇ ਹੁਣ ਗਊ ਹੱਤਿਆ ਦੀ ਖੁਲ੍ਹ ਨਾਲ ਹੋਰ ਵੀ ਦੁਖੀ ਹੋਏ। ਉਹ ਚਾਹੁੰਦੇ ਤਾਂ ਇਕ ਛਿਨ ਵੀ ਅੰਗਰੇਜ਼ੀ ਰਾਜ ਤਬਾਹ ਕਰ ਦਿੰਦੇ ਪਰ ਮਰਯਾਦਾ ਪੁਰਸ਼ੋਤਮ ਸਤਿਗੁਰੂ ਜੀ ਨੇ ਐਸਾ ਨ ਕੀਤਾ ਉਹ ਅਕਾਲ ਪੁਰਖ ਦੇ ਭਾਣੇ ਵਿਚ ਰਾਜ਼ੀ ਰਹਿੰਦਿਆ ਕਿਸੇ ਖਾਸ ਪਰੋਗ੍ਰਾਮ ਅਨੁਸਾਰ ਕਿਸੇ ਖਾਸ ਸਮੇਂ ਦੀ ਉਡੀਕ ਕਰ ਰਹੇ ਸਨ। ਉਹ ਸਮਾ ਆ ਪਹੁੰਚਿਆ

ਹਾੜ੍ਹ ਦੀ ਸੰਗਰਾਂਦ ਦਾ ਦਿਨ ਸੀ। ਬੜੀ ਸੰਗਤ ਗੁਰਦਵਾਰੇ ਦੇ ਦਰਸ਼ਨ ਕਰਨ ਵਾਸਤੇ ਆਈ। ਕੁਝ ਨਾਮਧਾਰੀ ਸਿੰਘ ਵੀ ਆਏ।

ਬਾਕੀ ਦੀ ਸੰਗਤ ਇਸ਼ਨਾਨ ਕਰ, ਬਾਰਾਂਹ ਮਾਹ ਦਾ ਪਾਠ ਸੁਣ ਅਤੇ ਕੜਾਹ ਪਰਸ਼ਾਦ ਲੈ ਕੇ ਚਲੀ ਗਈ ਪਰ ਨਾਮਧਾਰੀ ਸਿੰਘ ਪਰਕਰਮਾਂ ਵਿਚ ਏਧਰ ਉਧਰ ਫਿਰਨ ਲਗੇ । ਥਾਂ ਥਾਂ ਤੇ ਹੱਡੀਆਂ ਪਈਆਂ ਵੇਖ ਕੇ ਸੋਚਣ ਲਗੇ ਕਿ ਇਹ ਕਉਣ ਸੁੱਟ ਗਿਆ ਹੈ ? ਸੰਤ ਲਹਿਣਾ ਸਿੰਘ ਜੀ ਨੇ ਦਸਿਆ ਕਿ ਇਥੇ ਨਾਲ ਹੀ ਇਕ ਗਊ ਬਧ ਕਰਨ ਵਾਲਾ ਬੁਚੜ ਖਾਨਾ ਹੈ । ਉਥੋਂ ਜਾਨਵਰ ਹੱਡੀਆਂ ਚੁਕ ਲਿਆਉਂਦੇ ਹਨ । ਉਡਦੇ ਉਡਦੇ ਜਦੋਂ ਲੰਘਦੇ ਹਨ ਤਾਂ ਕਈਆਂ ਦੇ ਮੂੰਹੋਂ ਹੱਡੀਆਂ ਡਿਗ ਪੈਂਦੀਆਂ ਹਨ । ਉਹ ਕਈ ਸਰੋਵਰ ਵਿਚ ਜਾ ਪੈਂਦੀਆਂ ਹਨ ਅਤੇ ਕਈ ਪਰਕਰਮਾਂ ਵਿਚ ਡਿਗ ਪੈਂਦੀਆਂ ਹਨ । ਇਹ ਉਹੋ ਹੀ ਹੱਡੀਆਂ ਹਨ । ਸੰਤ ਜੀ ਨੇ ਇਹ ਵੀ ਦਸਿਆ ਕਿ ਇਸ ਬੁਚੜ ਖਾਨੇ ਰੋਜ਼ ਹੀ ਗਊਆਂ ਕਤਲ ਹੁੰਦੀਆਂ ਹਨ । ਧਾਰਮਕ ਖਿਆਲਾਂ ਵਾਲੇ ਹਿੰਦੂ ਅਤੇ ਸਿਖ ਬੜੇ ਦੁਖੀ ਹੁੰਦੇ ਹਨ ਪਰ ਅੰਗਰੇਜ਼ਾਂ ਦਾ ਮੁਸਲਮਾਨਾਂ ਦੇ ਪੱਖੀ ਹੋਣ ਕਰਕੇ ਕੋਈ ਪੇਸ਼ ਨਹੀਂ ਜਾਂਦੀ । ਨਾਮਧਾਰੀ ਸਿੰਘ ਸਾਰੀ ਗਲ ਸੁਣ ਕੇ ਬੜੇ ਦੁਖੀ ਹੋਏ । ਫਿਰ ਕੋਈ ਗੁਪਤ ਸਲਾਹ ਕਰ ਕੇ ਉਥੋਂ ਚਲੇ ਗਏ ।

ਇਹ ਸਿਖ ਸੂਬਾ ਸੰਤ ਲਹਿਣਾ ਜੀ ਦੇ ਘਰ ਇਕੱਠੇ ਹੋਏ । ਉਥੇ ਉਨ੍ਹਾਂ ਨੇ ਸਲਾਹ ਕੀਤੀ ਕਿ ਗਊ ਦੇ ਗਲੇ ਤੋਂ ਛੁਰੀ ਲਾਹੁਣ ਵਾਸਤੇ ਉਪਰਾਲਾ ਕਰਨਾ ਚਾਹੀਦਾ ਹੈ ਸੋਚਦਿਆਂ ਸੋਚਦਿਆਂ ਅਖੀਰ ਫੈਸਲਾ ਇਹ ਹੋਇਆ ਹੈ ਕਿ ਬੁਚੜਖਾਨੇ ਗੁਪਤ ਹਮਲਾ ਕਰ ਕੇ ਬੁਚੜਾਂ ਨੂੰ ਮਾਰਿਆ ਜਾਏ ਅਤੇ ਕਤਲ ਕੀਤੀਆਂ ਜਾਣ ਵਾਲੀਆਂ ਗਊਆਂ ਨੂੰ ਛੁਡਾਇਆ ਜਾਏ । ਗੁਰਮਤਾ ਪਾਸ ਹੋ ਗਿਆ । ਇਸ ਮੰਤਵ ਲਈ ਲੋੜੀਂਦੇ ਹਥਿਆਰ ਸਿਪਾਹੀ ਲਾਲ ਸਿੰਘ ਕੋਲੋਂ ਮਿਲ ਗਏ । ਇਸ ਕੰਮ ਲਈ ਸਿੰਘਾਂ ਨੇ ੧੪-੧੫ ਜੂਨ ਸੰਨ ੧੮੭੧ ਦੀ ਵਿਚਕਾਰਲੀ ਰਾਤ ਨੂੰ ਬੁਚੜ ਖਾਨੇ ਤੇ ਹਮਲਾ ਕਰ ਦਿੱਤਾ । ਜਾਂਦਿਆ ਹੀ ਗਊਆਂ ਦੇ ਰਸੇ ਖੋਲ ਦਿੱਤੇ ਅਤੇ ਫਿਰ ਬੁਚੜਾਂ ਤੇ ਟੁੱਟ ਕੇ ਪੈ ਗਏ । ਚਾਰ ਬੁਚੜ ਤਾਂ ਮਰ ਗਏ ਅਤੇ ਤਿੰਨ ਬੁਚੜ ਬੜੇ ਜ਼ਖਮੀ ਹੋਏ । ਸਿੰਘ ਅਪਣਾ ਕੰਮ ਕਰ ਕੇ ਵਲਗਣ ਟਪ ਕੇ ਬਾਹਰ ਆ ਗਏ । ਹਮਲਾ ਕਰਨ ਵਾਲੇ ਸਿਖ ਇਹ ਸਨ :-

੧ ਸੰਤ ਲਛਮਣ ਸਿੰਘ ਜੀ ਪਿੰਡ ਚਾਹਲ
੨ ਸੰਤ ਹਾਕਮ ਸਿੰਘ ਜੀ ਪਿੰਡ ਮੌੜੇ
੩ ਸੰਤ ਲਹਿਣਾ ਸਿੰਘ ਜੀ ਪਿੰਡ ਲੋਪੋਕੇ
੪. ਸੰਤ ਝੰਡਾ ਸਿੰਘ ਜੀ ਪਿੰਡ ਠਠੇ
੫ ਸੰਤ ਭਗਵਾਨ ਸਿੰਘ ਜੀ ਅੜਬੰਗੀ ਪਿੰਡ ਮਰਹਾਣਾ
੬ ਸੰਤ ਫਤਹਿ ਸਿੰਘ ਜੀ ਸ਼ਹਿਰ ਅੰਮ੍ਰਿਤਸਰ
੭ ਸੰਤ ਲਹਿਣਾ ਸਿੰਘ ਜੀ "
੮ ਸੰਤ ਬੀਹਲਾ ਸਿੰਘ ਜੀ ਪਿੰਡ ਨਾਰਲੀ

ਇਹ ਸਿਖ ਤਾਂ ਅਪਣਾ ਕੰਮ ਕਰਕੇ ਚਲੇ ਗਏ । ਕਿਸੇ ਨੂੰ ਕੋਈ ਪਤਾ ਨ ਲਗਾ ਕਿ ਇਹ ਕਉਣ ਸਨ । ਕਿਥੋਂ ਆਏ ਸਨ ਅਤੇ ਕਿਥੇ ਚਲੇ ਗਏ ਹਨ

ਅੰਗਰੇਜ਼ ਸਮਝ ਬੈਠੇ ਸਨ ਕਿ ਭਾਰਤੀਆਂ ਵਿਚ ਹੁਣ ਕੋਈ ਸੱਤਾ ਨਹੀਂ ਰਹੀ। ਸਿਖ ਸਰਦਾਰ ਸਾਰੇ ਸਾਡੇ ਪਾਣੀ ਭਰਦੇ ਹਨ। ਸਿਖੀ ਅਣਖ ਬਿਲਕੁਲ ਖਤਮ ਹੋ ਗਈ ਹੈ। ਅਸੀਂ ਹੁਣ ਜੋ ਮਰਜ਼ੀ ਕਰ ਸਕਦੇ ਹਾਂ ਪਰ 15 ਜੂਨ 1871 (15-6-1871) ਨੂੰ ਜਦੋਂ ਸਵੇਰੇ ਸਵੇਰੇ ਹੀ ਬੁਚੜਾਂ ਦੇ ਕਤਲ ਦੀ ਖਬਰ ਸਾਰੇ ਸ਼ਹਿਰ ਵਿਚ ਫੈਲ ਗਈ ਤਾਂ ਅੰਗਰੇਜ਼ੀ ਸਰਕਾਰ ਨੂੰ ਪਿੱਸੂ ਪੈ ਗਏ। ਅੰਮ੍ਰਿਤਸਰ ਪੁਲੀਸ ਨੇ ਆਪਣਾ ਪੂਰਾ ਜ਼ੋਰ ਲਾਇਆ ਪਰ ਦੋਸ਼ੀਆਂ ਦਾ ਪਤਾ ਨ ਲਗਾ ਸਕਿਆ। (CID) ਸੀ ਆਈ ਡੀ ਦਾ ਵਡਾ ਅਫਸਰ ਮਿਸਟਰ ਕਰਿਸਟੀ ਅੰਮ੍ਰਿਤਸਰ ਸਦਿਆ ਗਿਆ। ਭਾਵੇਂ ਉਹ ਅਪਣੇ ਥਾਂ ਸੀ ਆਈ ਡੀ ਦੇ ਕੰਮ ਵਿਚ ਚੰਗਾ ਮਾਹਰ ਸੀ ਪਰ ਅਸਲ ਦੋਸ਼ੀਆਂ ਦੀ ਸੂਹ ਕੱਢਣ ਵਿਚ ਕਾਮਯਾਬ ਨ ਹੋ ਸਕਿਆ।

ਹੁਣ ਅਸਲੀ ਦੋਸ਼ੀਆਂ ਨੂੰ ਫੜਨ ਦਾ ਸਵਾਲ ਨਹੀਂ ਸੀ। ਹੁਣ ਅੰਗਰੇਜ਼ੀ ਸਰਕਾਰ ਦੀ ਹੇਠੀ ਦਾ ਸਵਾਲ ਸੀ। ਸਰਕਾਰ ਦੀ ਤੌਹੀਨ ਸਮਝਦਿਆਂ ਅਤੇ ਸਰਕਾਰੀ ਦਬਦਬੇ ਨੂੰ ਬਰਕਰਾਰ ਰਖਣ ਵਾਸਤੇ ਮਿਸਟਰ ਕਰਿਸਟੀ ਬੇਦੋਸ਼ੀਆਂ ਨੂੰ ਹੀ ਗਿਰਫਤਾਰ ਕਰਨ ਲਗ ਪਇਆ। ਪਹਿਲਾਂ ਹੀਰੇ ਭਾਟੜੇ ਨੂੰ ਫੜਿਆ ਗਿਆ, ਚੰਗੀ ਮਾਰ ਕੁਟਾਈ ਕੀਤੀ। ਮਾਰ ਕੁਟਾਈ ਨਾਲ ਹੀਰੇ ਭਾਟੜੇ ਨੇ ਆਹੀਏ ਬਦਮਾਸ਼ ਦਾ ਨਾਮ ਲੈ ਦਿੱਤਾ। ਜਦੋਂ ਆਹੀਏ ਬਦਮਾਸ਼ ਨੂੰ ਫੜ ਕੇ ਚੰਗੀ ਛਿਤਰੌਲ ਕੀਤੀ ਗਈ ਤਾਂ ਉਸਨੇ ਸੇਠ ਜੈ ਰਾਮ ਦਾ ਨਾਮ ਲੈ ਦਿੱਤਾ। ਸੇਠ ਜੈਰਾਮ ਨੂੰ ਚੰਗੀ ਕੁਟਾਈ ਕੀਤੀ ਗਈ, ਵਿਸ਼ਟੇ ਦੀ ਧੂਣੀ ਦਿੱਤੀ ਗਈ, ਅਤੇ ਹੋਰ ਕਈ ਤਕਲੀਫਾਂ ਦਿੱਤੀਆਂ ਗਈਆਂ ਤਾਂ ਉਸ ਵਿਚਾਰੇ ਨੇ ਰੋਜ਼ ਦੀ ਮਾਰ ਕੁਟਾਈ ਤੋਂ ਤੰਗ ਆ ਕੇ ਮਰ ਜਾਣਾ ਚੰਗਾ ਸਮਝ ਕੇ ਇਕਬਾਲ ਕਰ ਲਿਆ। ਇਸੇ ਤਰਾਂ ਬੜੀਆਂ ਬੜੀਆਂ ਤਕਲੀਫਾਂ ਦੇ ਕੇ 12 ਬੇਦੋਸ਼ੀਆਂ ਨੂੰ ਦੋਸ਼ੀ ਠਹਿਰਾਇਆ ਗਿਆ। ਝੂਠੇ ਮੁਕਦਮੇ ਚਲਾ ਕੇ, ਝੂਠੀਆਂ ਗਵਾਹੀਆਂ ਭੁਗਤਾ ਕੇ 12 ਆਦਮੀਆਂ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ। ਇਨ੍ਹਾਂ 12 ਆਦਮੀਆਂ ਵਿਚ ਹਿੰਦੂ, ਸਿਖ ਅਤੇ ਇਕ ਨਿਹੰਗ ਸਿੰਘ ਵੀ ਸੀ।

ਫਾਂਸੀ ਦੀ ਤਾਰੀਕ ਤੋਂ ਪਹਿਲਾਂ ਅਸਲੀ ਦੋਸ਼ੀ, ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ, ਸ੍ਰੀ ਭੈਣੀ ਸਾਹਿਬ ਗਏ। ਸ੍ਰੀ ਭੈਣੀ ਸਾਹਿਬ ਪਹੁੰਚ ਕੇ ਸਤਿਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕਰਕੇ ਜਦੋਂ ਸਤਿਗੁਰ ਜੀ ਦੀ ਕੋਲ ਹੀ ਬੈਠੇ ਤਾਂ ਘਟ ਘਟ ਕੇ ਅੰਤਰ ਕੀ ਜਾਨਤ ਵਾਲੇ ਸਤਿਗੁਰੂ ਜੀ ਨੇ ਸਹਿਜ ਸੁਭਾਏ ਪੁਛਿਆ ਕਿ ਭਾਈ ਅਸਾਂ ਸੁਣਿਆ ਹੈ ਕਿ ਅੰਮ੍ਰਿਤਸਰ ਕੁਝ ਬੁਚੜ ਮਾਰੇ ਗਏ ਹਨ, ਕੀ ਤੁਹਾਨੂੰ ਪਤਾ ਹੈ ਕਿ ਕਿੰਨੇ ਮਾਰੇ ਹਨ? ਇਹ ਸਿਖ ਝੂਠੀ ਸਰਕਾਰ ਕੋਲੋਂ ਤਾਂ ਬਚ ਆਏ ਸਨ ਪਰ ਹੁਣ ਸੱਚੀ ਸਰਕਾਰ ਕੋਲੋਂ ਕਿਸ ਤਰਾਂ ਬਚਣ? ਸੰਤ ਬੀਹਲਾ ਸਿੰਘ ਜੀ ਨੇ ਅਧੀਨਗੀ ਸਹਿਤ ਅਰਜ਼ ਕੀਤੀ ਹੇ ਪਾਤਸ਼ਾਹ ਜੀ, ਬੁਚੜ ਮਾਰੇ ਤਾਂ ਅਸਾਂ ਹਨ ਪਰ ਫੜੇ ਕੋਈ ਹੋਰ ਗਏ ਹਨ

ਸਤਿਗੁਰੂ ਜੀ ਨੇ ਕੁਝ ਸਮਝਾਂਦਿਆਂ ਬਚਨ ਕੀਤਾ ਕਿ ਭਾਈ, ਬੁਚੜਾਂ ਨੂੰ ਮਾਰ ਕੇ ਗਊਆਂ ਦੀ ਜਾਨ ਬਚਾਉਣ ਦਾ ਕੰਮ ਤਾਂ ਤੁਸਾਂ ਚੰਗਾ ਕੀਤਾ ਹੈ ਪਰ ਹੁਣ ਸਵਾਲ ਹੈ ਉਨ੍ਹਾਂ ਫੜੇ ਹੋਏ ਬੇਦੋਸ਼ਾਂ ਦਾ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ

ਸੰਤ ਬੀਹਲਾ ਸਿੰਘ ਨੇ ਫਿਰ ਅਰਜ਼ ਕੀਤੀ, ਸਚੇ ਪਾਤਸ਼ਾਹ, ਤੁਸੀਂ ਆਪ ਹੀ ਦਸੋ ਕਿ ਹੁਣ ਕੀ ਕੀਤਾ ਜਾਏ ?

ਸਤਿਗੁਰੂ ਜੀ ਨੇ ਬਚਨ ਕੀਤਾ, ਭਾਈ ਮਰਨਾ ਤਾਂ ਸਭ ਨੇ ਹੀ ਹੁੰਦਾ ਹੈ, ਪਰ ਸੂਰਮਿਆਂ ਦੀ ਮੌਤ ਕੋਈ ਵਿਰਲਾ ਹੀ ਮਰਦਾ ਹੈ । ਮੈਨੂੰ ਤੁਹਾਡੇ ਨਾਲ ਕੋਈ ਦੁਸ਼ਮਣੀ ਨਹੀਂ, ਸਿਖ ਤਾਂ ਮੇਰੀ ਜਿੰਦ ਜਾਨ ਹਨ ਪਰ ਧਰਮ ਦੇ ਨਾਤੇ ਨਾਲ ਕਹਿੰਦਾ ਹਾਂ ਕਿ ਜਿਥੇ ਇੰਨੀ ਬਹਾਦਰੀ ਨਾਲ ਇਹ ਕੰਮ ਸ਼ੁਰੂ ਕੀਤਾ ਜੇ ਹੁਣ ਉਸ ਕੰਮ ਨੂੰ ਅਧੂਰਾ ਨ ਛਡੋ। ਤੁਸੀਂ ਸਿਆਣੇ ਹੋ, ਆਪ ਹੀ ਸੋਚੋ ਕਿ ਜੇ ਕੋਈ ਚੰਗਾ ਕੰਮ ਕਰੇ ਤਾਂ ਉਸ ਦਾ ਫਲ ਉਸਨੂੰ ਮਿਲਣਾ ਚਾਹੀਦਾ ਹੈ ਜਾਂ ਕਿਸੇ ਹੋਰ ਨੂੰ ? ਭਾਈ ਜੇ ਕੋਈ ਮਿਹਨਤ ਕਰ ਕੇ ਖੇਤੀ ਬੀਜਦਾ ਹੈ ਫਿਰ ਜੇ ਬੋਹਲ ਉਸਨੂੰ ਮਿਲੇ ਤਾਂ ਹੀ ਉਸ ਦੀ ਕੀਤੀ ਹੋਈ ਮਿਹਨਤ ਸਫਲ ਹੁੰਦੀ ਹੈ ਭਾਈ ਜੇ ਤੁਸੀ ਬੁਰਾ ਨ ਮਨਾਓ ਤਾਂ ਮੈਂ ਤਾਂ ਇਹੀ ਆਖਦਾ ਹਾਂ ਕਿ ਤੁਸੀਂ ਆਪ ਕਚਹਿਰੀ ਵਿਚ ਜਾ ਕੇ ਇਕਬਾਲ ਕਰੋ ਕਿ ਬੁਚੜ ਅਸਾਂ ਮਾਰੇ ਹਨ ਇਸ ਲਈ ਬੇਦੋਸ਼ੀਆਂ ਨੂੰ ਛਡਿਆ ਜਾਏ ਅਤੇ ਸਾਨੂੰ ਜੋ ਮਰਜ਼ੀ ਸਜ਼ਾ ਦਿੱਤੀ ਜਾਏ

ਸਤਿਗੁਰੂ ਜੀ ਦਾ ਉਪਦੇਸ਼ ਸੁਣ ਕੇ ਇਨ੍ਹਾਂ ਸਾਰਿਆਂ ਸਿਖਾਂ ਦਾ ਦੁਨਿਆਵੀ ਮੋਹ ਟੁੱਟ ਗਿਆ ਅਤੇ ਸੰਤ ਬੀਹਲਾ ਸਿੰਘ ਜੀ ਨੇ ਫਿਰ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ ਅਗੇ ਵੀ ਤੁਹਾਡੀ ਕਿਰਪਾ ਨਾਲ ਹੀ ਸਭ ਕੁਝ ਹੋਇਆ ਹੈ ਅਤੇ ਅਗੋਂ ਵੀ ਤੁਹਾਡੀ ਕਿਰਪਾ ਨਾਲ ਹੀ ਹੋਣਾ ਹੈ । ਅਸੀਂ ਹੁਣ ਆਪ ਜੀ ਦੇ ਹੁਕਮ ਅਨੁਸਾਰ ਜਾਂਦੇ ਹਾਂ ਕਿਰਪਾ ਕਰ ਕੇ ਅੰਦਰ ਬਾਹਰ ਹਥ ਰਖਣਾ, ਡੋਲਣ ਨ ਦੇਣਾ ।

ਸਤਿਗੁਰੂ ਜੀ ਨੇ ਥਾਪੜਾ ਦਿੰਦਿਆ ਕਹਿਆ, ਭਾਈ ਤੁਸੀਂ ਕੋਈ ਫਿਕਰ ਨ ਕਰੋ ਸਤਿਗੁਰੂ ਤੁਹਾਡੇ ਅੰਗ ਸੰਗ ਹੋਣਗੇ

ਸਾਰਿਆਂ ਸਿਖਾਂ ਨੇ ਸਤਿਗੁਰੂ ਜੀ ਦੇ ਚਰਨਾਂ ਤੇ ਮਥਾ ਟੇਕਿਆ ਅਤੇ ਬੇਨਤੀ ਕੀਤੀ ਕਿ ਸਤਿਗੁਰੂ ਜੀ, ਅਸੀਂ ਅਲਪਗ ਜੀਵ ਸਦਾ ਭੁਲਣਹਾਰ ਹਾਂ ਸਾਡੇ ਅਉਗੁਣ ਨ ਚਿਤਾਰਣਾ, ਸਦਾ ਆਪ ਜੀ ਦੇ ਚਰਨ ਕੰਵਲਾਂ ਦੀ ਮੌਜ ਵਿਚ ਰਖਣਾ

ਚਰਨ ਕਮਲ ਕੀ ਮਉਜ ਮਹਿ
ਰਹਉ ਅੰਤਿ ਅਰੁ ਆਦਿ

ਸਤਿਗੁਰੂ ਜੀ ਦੇ ਚਰਨ ਕੰਵਲਾਂ ਤੇ ਮਥਾ ਟੇਕ ਕੇ ਇਹ ਸਾਰੇ ਸਿਖ ਅੰਮ੍ਰਿਤਸਰ ਨੂੰ ਟੁਰ ਪਏ । ਕਿਸੇ ਦੇ ਦਿਲ ਵਿਚ ਕੋਈ ਚਿੰਤਾ ਨਹੀ, ਕੋਈ ਪਛਤਾਵਾ ਨਹੀਂ ਅਤੇ ਨਾ ਹੀ ਕੋਈ ਡਰ ਹੈ ਸਗੋਂ ਸਤਿਗੁਰੂ ਜੀ ਦੀਆਂ ਖੁਸ਼ੀਆਂ ਦਾ ਚਾਅ ਹੈ

ਇਹ ਸਾਰੇ ਸਿਖ ਅੰਮ੍ਰਿਤਸਰ ਪਹੁੰਚਦਿਆਂ ਸਾਰ ਕਚਹਿਰੀ ਵੱਲ ਟੁਰ ਪਏ। ਮਜਸਟਰੇਟ ਦੀ ਇਜਾਜ਼ਤ ਲੈ ਕੇ ਕਮਰੇ ਅੰਦਰ ਵੜ ਗਏ। ਮਜਸਟਰੇਟ ਦੇ ਅੰਦਰ ਆਉਣ ਦਾ ਕਾਰਨ ਪੁਛਣ ਤੇ ਸੰਤ ਬੀਹਲਾ ਸਿੰਘ ਜੀ ਨੇ ਕਹਿਆ ਸਰਕਾਰ, 14-15 ਜੂਨ ਦੀ ਵਿਚਕਾਰਲੀ ਰਾਤ ਨੂੰ ਬੁਚੜਾਂ ਨੂੰ ਮਾਰਨ ਵਾਲੇ ਕਾਤਲ ਅਸੀਂ ਹਾਂ, ਕਿਰਪਾ ਕਰ ਕੇ ਫੜੇ ਹੋਏ ਬੇਗੁਨਾਹ ਦੋਸ਼ੀਆ ਨੂੰ ਛੱਡ ਦਿੱਤਾ ਜਾਏ ਅਤੇ ਸਾਨੂੰ ਫੜਿਆ ਜਾਏ ਅਤੇ ਸਾਡੇ ਤੇ ਮੁਕੱਦਮਾ ਚਲਾਇਆ ਜਾਏ

ਮਜਸਟਰੇਟ ਹੈਰਾਨ ਹੋਇਆ, ਸੋਚਣ ਲੱਗਾ ਕਿ ਜੇ ਸਚ ਮੁਚ ਹੀ ਇਹ ਬੁਚੜਾਂ ਦੇ ਕਾਤਲ ਹਨ ਤਾਂ ਬੇਦੋਸ਼ੀਆਂ ਨੂੰ ਮਾਰ ਮਾਰ ਕੇ ਇਕਬਾਲ ਕਰਾਉਣ ਕਰ ਕੇ ਸਰਕਾਰ ਝੂਠੀ ਸਾਬਤ ਹੋਵੇਗੀ ਅਤੇ ਸਾਡੇ ਇਨਸਾਫ ਦਾ ਪੋਲ ਖੁਲ ਜਾਏਗਾ ਲੋਕ ਸਰਕਾਰ ਦੀ ਨਿੰਦਿਆ ਕਰਨਗੇ। ਫਿਰ ਸੋਚਣ ਲੱਗਾ ਕਿ ਮੈਨੂੰ ਮਜਸਟਰੇਟ ਬਣਿਆਂ ਇੰਨੇ ਸਾਲ ਹੋ ਗਏ ਹਨ ਪਰ ਮੈਂ ਕਦੇ ਨਹੀਂ ਵੇਖਿਆ ਕਿ ਦੂਜਿਆ ਨੂੰ ਛੁੜਾ ਕੇ ਕੋਈ ਆਪ ਮਰਨ ਨੂੰ ਤਿਆਰ ਹੋਵੇ। ਸਾਰੀਆਂ ਸੋਚਾਂ ਨੂੰ ਛੱਡ ਕੇ ਮਜਸਟਰੇਟ ਸਰਕਾਰੀ ਰੋਹਬ ਵਿਚ ਬੋਲਿਆ, " ਸਰਦਾਰ ਸਾਹਿਬ, ਇਹ ਅਦਾਲਤ ਹੈ ਅਦਾਲਤ, ਯਹਾਂ ਸੱਚ ਇਨਸਾਫ ਹੋਤਾ ਹੈ, ਅਗਰ ਆਪ ਤਰਸ ਕਰ ਕੇ ਉਨਕੋ ਛੁੜਾਣਾ ਚਾਹਤੇ ਹੋ ਤੋ ਯਹਿ ਹਰਗਿਜ਼ ਨਹੀਂ ਹੋਗਾ "

ਇਹ ਸੁਣ ਕੇ ਸੰਤ ਬੀਹਲਾ ਸਿੰਘ ਜੀ ਜ਼ਰਾ ਤੈਸ਼ ਵਿਚ ਬੋਲੇ :—

ਵਾਹ, ਮਜਸਟਰੇਟ ਸਾਹਿਬ, ਕੀ ਬੇਗੁਨਾਹਾਂ ਨੂੰ ਹੀ ਮਾਰਨ ਤੁਹਾਡਾ ਸੱਚਾ ਇਨਸਾਫ ਹੈ, ਜਦੋਂ ਅਸੀਂ ਆਪ ਮੰਨਦੇ ਹਾਂ ਕਿ ਬੁਚੜ ਅਸਾਂ ਮਾਰੇ ਹਨ ਤਾਂ ਤੁਹਾਨੂੰ ਇਤਰਾਜ਼ ਨਹੀਂ ਕਰਨਾ ਚਾਹੀਦਾ। ਜੇ ਹੋਰ ਸਬੂਤ ਮੰਗਦੇ ਹੋ ਤਾਂ ਅਸੀਂ ਉਹ ਦੱਬੇ ਹੋਏ ਹਥਿਆਰ ਜਿੰਨ੍ਹਾਂ ਨਾਲ ਅਸਾਂ ਬੁਚੜਾਂ ਨੂੰ ਮਾਰਿਆ ਸੀ, ਲਿਆ ਕੇ ਵਖਾ ਦਿੰਦੇ ਹਾਂ " ਇੰਨਾ ਕਹਿ ਕੇ ਉਹ ਸਿਖ ਬਾਹਰ ਚਲੇ ਗਏ ਅਤੇ ਥੋੜੀ ਦੇਰ ਪਿਛੋਂ ਦੱਬੇ ਹੋਏ ਹਥਿਆਰ ਲਿਆ ਕੇ ਮਜਸਟਰੇਟ ਦੇ ਪੇਸ਼ ਕਰ ਦਿੱਤੇ

ਹੁਣ ਮਜਸਟਰੇਟ ਅਤੇ ਦੂਜੇ ਅੰਗਰੇਜ਼ ਹਾਕਮ ਬੜੇ ਸ਼ਰਮਿੰਦੇ ਹੋਏ ਮਜਸਟਰੇਟ ਸੋਚਣ ਲੱਗਾ ਕਿ ਪਤਾ ਨਹੀਂ, ਇਹ ਕਿਹੜੀ ਮਿੱਟੀ ਦੇ ਬਣੇ ਹੋਏ ਹਨ ਜਾਣ ਬੁਝ ਕੇ ਮੌਤ ਨੂੰ ਆਵਾਜ਼ਾਂ ਮਾਰਦੇ ਹਨ। ਇਨ੍ਹਾਂ ਦੇ ਕਹਿਣ ਤੇ ਜੇ ਮੈਂ ਫੜੇ ਹੋਏ ੧੨ ਦੋਸ਼ੀਆਂ ਨੂੰ ਛਡ ਦਿਆਂ ਅਤੇ ਇਨਾਂ ਦੀ ਸਚਾਈ ਕਰ ਕੇ ਇਨ੍ਹਾਂ ਨੂੰ ਵੀ ਸਜ਼ਾ ਨ ਦਿਆਂ ਤਾਂ ਸਾਡੇ ਪਿਠੂ ਖਾਸ ਕਰਕੇ ਮੁਸਲਮਾਨ ਵਿਗੜ ਜਾਣਗੇ ਅਤੇ ਡਰਦੇ ਮਾਰੇ ਗਊ ਹੱਤਿਆ ਨਾ ਕਰਨਗੇ। ਲੋਕ ਸਮਝਣਗੇ ਕਿ ਸਰਕਾਰ ਡਰ ਗਈ ਹੈ। ਇਸ ਤਰਾਂ ਸਾਡੀ ਬੜੀ ਹਾਨੀ ਹੋਵੇਗੀ।

ਬੜਾ ਸੋਚ ਕੇ ਇਕ ਦਮ ਬੋਲ ਉਠਿਆ, " ਹੱਛਾ, ਹਮਾਰੇ ਰਾਜ ਮੇਂ ਗੜਬੜ ਮਚਾਨੇ ਕੇ ਲੀਏ ਆਪ ਨੇ ਬੁਚੜ ਮਾਰੇ ਹੈਂ, ਇਸ ਕੀ ਸਜ਼ਾ ਆਪ ਕੋ ਇਸ ਤਰ੍ਹਾਂ ਦੀ ਜਾਤੀ ਹੈ

ਸੰਤ ਬੀਹਲਾ ਸਿੰਘ	ਪਿੰਡ ਨਾਰਲੀ	ਫਾਂਸੀ ਦੀ ਸਜ਼ਾ
ਸੰਤ ਫਤਹਿ ਸਿੰਘ	ਸ਼ਹਿਰ ਅੰਮ੍ਰਿਤਸਰ	,,
ਸੰਤ ਲਹਿਣਾ ਸਿੰਘ		,,
ਸੰਤ ਹਾਕਮ ਸਿੰਘ	ਪਿੰਡ ਮੌੜੇ	,,
ਸੰਤ ਲਹਿਣਾ ਸਿੰਘ	ਪਿੰਡ ਲੋਪੋਕੇ	ਕਾਲੇ ਪਾਣੀ ਦੀ ਸਜ਼ਾ
ਸੰਤ ਲਾਲ ਸਿੰਘ	ਸਿਪਾਹੀ	,,

ਜਦੋਂ ਸਜ਼ਾਵਾਂ ਸੁਣਾਈਆਂ ਗਈਆਂ ਤਾਂ ਇਨ੍ਹਾਂ ਸਿਖਾਂ ਨੂੰ ਹਿਰਾਸਤ ਵਿਚ ਲਇਆ ਗਿਆ ਅਤੇ ੧੨ ਬੇਦੋਸ਼ੀਆਂ ਨੂੰ ਛਡਿਆ ਗਿਆ। ਚੀਫ ਕੋਰਟ ਪੰਜਾਬ ਨੇ ਵੀ ਇਹ ਸਜ਼ਾਵਾਂ ਬਹਾਲ ਰਖੀਆਂ। ੧੫ ਸਤੰਬਰ ਸੰਨ ੧੮੭੧ (15-9-1871) ਨੂੰ ਰਾਮ ਬਾਗ ਦੀ ਇਕ ਬੋਹੜ ਨਾਲ ਫਾਂਸੀ ਦਿੱਤੀ ਜਾਣੀ ਨੀਯਤ ਹੋਇਆ ਜਿਨ੍ਹਾਂ ਸਿਖਾਂ ਨੂੰ ਫਾਂਸੀ ਦਾ ਹੁਕਮ ਹੋਇਆ ਸੀ ਉਨ੍ਹਾਂ ਉਥੇ ਹੀ ਕੁਝ ਗਲਾਂ ਸਰਕਾਰ ਕੋਲੋਂ ਮਨਵਾ ਲਈਆਂ ਸਨ। ਪਹਿਲੀ ਗਲ ਤਾਂ ਇਹ ਸੀ ਕਿ ਫਾਂਸੀ ਦੇਣ ਤੋਂ ਪਹਿਲਾਂ ਸਾਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤ ਸਰੋਵਰ ਵਿਚੋਂ ਇਸ਼ਨਾਨ ਕਰ ਲੈਣ ਦਿੱਤਾ ਜਾਏ। ਦੂਜੀ ਗਲ ਸਾਨੂੰ ਫਾਂਸੀ ਸਮੇਂ ਕੋਈ ਭੰਗੀ ਨ ਛੁਹੇ ਅਸੀਂ ਆਪ ਹੀ ਅਪਣੇ ਗਲਾਂ ਵਿਚ ਰੱਸੇ ਪਾਵਾਂਗੇ ਅਤੇ ਤੀਜੀ ਗਲ ਇਹ ਹੈ ਕਿ ਸਾਨੂੰ ਚੰਮ ਦੀ ਤੰਦੀ ਨਾਲ ਫਾਂਸੀ ਨ ਦਿੱਤੀ ਜਾਏ ਸਾਡੇ ਵਾਸਤੇ ਰੇਸ਼ਮ ਦਾ ਰੱਸਾ ਵਰਤਿਆ ਜਾਵੇ

ਅੰਗਰੇਜ਼ ਹਾਕਮ ਚਾਹੁੰਦੇ ਸਨ ਕਿ ਇਨ੍ਹਾਂ ਸਿਖਾਂ ਨੂੰ ਫਾਂਸੀ ਦੇਣ ਸਮੇਂ ਬਹੁਤ ਲੋਕ ਇਕੱਠੇ ਹੋਣ ਤਾਂ ਜੋ ਫਾਂਸੀ ਵੇਖ ਕੇ ਲੋਕਾਂ ਵਿਚ ਦਹਿਸ਼ਤ ਫੈਲ ਜਾਏ ਅਤੇ ਫਿਰ ਅੱਗੋਂ ਹਰਕਤ ਕਰਨ ਦਾ ਹੀਲਾ ਨਾ ਕਰਨ

੧੫ ਸਤੰਬਰ ਵਾਲੇ ਦਿਨ ਲੋਕ ਬਹੁਤ ਗਿਣਤੀ ਵਿਚ ਰਾਮ ਬਾਗ ਪਹੁੰਚ ਗਏ। ਇਨ੍ਹਾਂ ਵਿਚ ਕਈ ਤਰਾਂ ਦੇ ਲੋਕ ਸਨ। ਇਕ ਤਾਂ ਸਰਕਾਰ ਦੇ ਪਿਠੂ ਮੁਸਲਮਾਨ ਸਨ ਜੋ ਅਪਣੀ ਜਿਤ ਸਮਝਦੇ ਸਨ, ਅਤੇ ਤਮਾਸ਼ਾ ਵੇਖਣ ਆਏ ਸਨ, ਇਕ ਧਾਰਮਕ ਖਿਆਲਾਂ ਵਾਲੇ ਹਿੰਦੂ ਅਤੇ ਸਿਖ ਸਨ ਜਿਹੜੇ ਇਸ ਖਿਆਲ ਨਾਲ ਆਏ ਸਨ


ਚਲੋ ਸਹੀਓ ਰਲ ਵੇਖਣ ਚਲੀਏ ਆਸ਼ਕ ਸੂਲੀ ਚੜ੍ਹਦੇ
ਚੜ੍ਹਦੇ ਚੜ੍ਹਦੇ ਕਰਨ ਮਜ਼ਾਕਾਂ ਮਰਨੋਂ ਮੂਲ ਨ ਡਰਦੇ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੧੫ ਸਤੰਬਰ ੧੮੭੧

ਸ੍ਰੀ ਅੰਮ੍ਰਿਤ ਸਰ ਵਿਚ ਸ਼ਹੀਦ ਹੋ ਰਹੇ ਨਾਮਧਾਰੀ ਸਿੰਘ



ਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ

ਦੂਸਰੇ ਪਾਸੇ ਪੁਲੀਸ ਦੇ ਪਹਿਰੇ ਹੇਠ ਫਾਂਸੀ ਦਿੱਤੇ ਜਾਣ ਵਾਲੇ ਚਾਰੇ ਸਿਖ ਅੰਮ੍ਰਿਤ ਸਰੋਵਰ ਵਿਚੋਂ ਇਸਨਾਨ ਕਰ ਕੇ ਚੋਲਕੀ ਛੈਣਿਆਂ ਨਾਲ ਇਹ ਸ਼ਬਦ ਪੜ੍ਹਦੇ ਰਾਮ ਬਾਗ ਪਹੁੰਚ ਗਏ

ਤੇਰੀ ਸਰਣਿ ਮੇਰੇ ਦੀਨ ਦਇਆਲਾ
ਸੁਖ ਸਾਗਰ ਮੇਰੇ ਗੁਰ ਗੋਪਾਲਾ
ਕਰਿ ਕਿਰਪਾ ਨਾਨਕੁ ਗੁਣ ਗਾਵੈ
ਰਾਖਹੁ ਸਰਮ ਅਸਾੜੀ ਜੀਉ

ਅਗੇ ਫਾਂਸੀ ਦੀ ਸਾਰੀ ਤਿਆਰੀ ਕੀਤੀ ਹੋਈ ਸੀ । ਰੇਸ਼ਮ ਦਾ ਰਸਾ ਬੋਹੜ ਨਾਲ ਚੰਗੀ ਤਰਾਂ ਕੱਸ ਕੇ ਬੱਝਾ ਹੋਇਆ ਸੀ ਫਾਂਸੀ ਦਾ ਫੱਟਾ ਰਖਿਆ ਹੋਇਆ ਸੀ ਸਿਖਾਂ ਨੇ ਅੰਤਮ ਅਰਦਾਸ ਕੀਤੀ , ਸਤਿ ਸ੍ਰੀ ਅਕਾਲ ਦਾ ਜੈਕਾਰਾ ਛੱਡ ਕੇ ਸਭ ਤੋਂ ਪਹਿਲਾਂ ਸੰਤ ਬੀਹਲਾ ਸਿੰਘ ਜੀ ਫਾਂਸੀ ਵਾਲੇ ਥਾਂ ਤੇ ਜਾ ਖਲੋਤੇ ਅਤੇ ਗਰਜਵੀਂ ਆਵਾਜ਼ ਵਿਚ ਆਖਿਆ

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ
ਮਰਨੇ ਹੀ ਤੇ ਪਾਈਐ ਪਰਨੁ ਪਰਮਾਨੰਦੁ

ਅਤੇ ਫਿਰ ਅਪਣੀ ਹੱਥੀਂ ਰੇਸ਼ਮ ਦਾ ਰੱਸਾ ਗਲੇ ਵਿਚ ਪਾ ਕੇ ਸ਼ਹੀਦ ਹੋ ਗਏ ਇਸੇ ਤਰਾਂ ਬਾਕੀ ਦੇ ਤਿੰਨੇ ਸਿਖ ਵੀ ਵਾਰੀ ਵਾਰੀ ਅਪਣੀਂ ਹੱਥੀਂ ਗਲਿਆਂ ਵਿਚ ਰਸੇ ਪਾ ਕੇ ਸ਼ਹੀਦ ਹੋ ਗਏ

ਗੁਰਬਾਣੀ ਵਿਚ ਸ਼ਾਇਦ ਇਹੁ ਜਹੇ ਸਿਖਾਂ ਬਾਰੇ ਲਿਖਿਆ ਹੈ

ਸੇਵਕ ਕੀ ਓੜਕਿ ਨਿਬਹੀ ਪ੍ਰੀਤ ।
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤ ॥੧॥ ਰਹਾਉ ॥
ਜੈਸੀ ਆਗਿਆ ਕੀਨੀ ਠਾਕੁਰਿ
ਤਿਸ ਤੇ ਮੁਖੁ ਨਹੀ ਮੋਰਿਓ

ਇਨ੍ਹਾਂ ਸ਼ਹੀਦਾਂ ਬਾਰੇ ਸੰਤ ਪ੍ਰਕਾਸ਼ ਸਿੰਘ ਪ੍ਰਕਾਸ਼ ਲਿਖਦੇ ਹਨ

ੱਤਾ ਫਾਹੇ ਦਾ ਹੁਕਮ ਸਰਕਾਰੀਆਂ ਨੇ
"ਜੰਨਤ ਮਿਲ ਗਈ" ਅਗੋਂ ਸੁਣਾਣ ਲਗੇ।
ਖੈ ਬੁਚੜਾਂ ਦੀ, ਜੈ ਖਾਲਸੇ ਦੀ,
ਜੋਸ਼ ਵਿਚ ਆ ਕੇ, ਨਾਅਰੇ ਲਾਣ ਲਗੇ।
ਚੀਨੀ ਵਾਲੇ ਦੇ ਸਿੰਘਾਂ ਦਾ ਸਿਦਕ ਵੇਖਣ,
ਪੁਰੀਆਂ ਛਡ ਕੇ, ਦੇਵਤੇ ਆਣ ਲਗੇ।
ਘੜੀ ਵਿਚ ਉਡੀਕ ਦੇ ਮੌਤ ਨੱਢੀ,
ਬਾਹਵਾਂ ਰੇਸ਼ਮੀ ਗਲੇ ਵਿਚ ਪੌਣ ਲਗੇ।
ਹਾਰ ਗੁੰਦ ਲੈ ਆਇਆ, ਸ਼ਹੀਦ ਮੰਡਲ
ਸੁਆਗਤ ਕਰਨ ਲਈ, ਸਿਰਾਂ ਦੇ ਦਾਨੀਆਂ ਦਾ।

ਅਰਸ਼ ਫਰਸ਼ ਤੇ ਜੈ ਜੈ ਪ੍ਰਕਾਸ਼ ਹੋਈ
ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾਂ।

ਸੰਤ ਧਿਆਨ ਸਿੰਘ ਜੀ ਲਿਖਦੇ ਹਨ

ਸੀਸ ਦੀਏ ਅਰ ਸੀ ਨਾ ਕਰੀ ਜਿਨ,
ਸਿੱਖਨ ਤਾਹਿ ਕੇ ਮੈਂ ਬਲਿਹਾਰੀ
ਗੋ ਹਿਤ ਗੋਇ ਤਨੀ ਸਹਿ ਕੇ ਜਿਨ
ਬੁਚੜ ਮਾਰ ਕੇ ਧੌਨ ਉਤਾਰੀ

ਸ੍ਰ: ਉਧਮ ਸਿੰਘ ਜੀ ਆਜਿਜ਼ ਲਿਖਦੇ ਹਨ

ਅੰਮ੍ਰਿਤਸਰ ਕਈ ਬੇਦੋਸ਼ਿਆਂ ਨੂੰ / ਜਦੋਂ ਫਾਂਸੀ ਦਾ ਹੁਕਮ ਸੁਣਾ ਦਿਤਾ
ਝਟ ਹੋਏ ਅਦਾਲਤ ਵਿਚ ਪੇਸ਼ ਕੂਕੇ / ਚੀਨੀ ਵਾਲੇ ਦਾ ਨਾਰਾ ਲਗਾ ਦਿਤਾ
ਗਊ ਘਾਤਕਾਂ ਦੇ ਤਾਈਂ ਕਤਲ ਕਰਕੇ / ਅਸਾਂ ਦੋਜ਼ਖਾਂ ਵਿਚ ਪਹੁੰਚਾ ਦਿਤਾ
ਆਪ ਜੱਫੀਆਂ ਪਾ ਲਈਆਂ ਫਾਂਸੀਆਂ ਨੂੰ / ਉਹਨਾਂ ਤਾਂਈ ਰਿਹਾ ਕਰਵਾ ਦਿਤਾ
ਏਹੋ ਜੇਹੇ ਸੂਰੇ ਖੂਨ ਡੋਹਲ ਕੇ ਤੇ / ਧਰਤੀ ਮਾਤਾ ਦੇ ਤਾਈਂ ਨੇ ਪਾਕ ਕਰਦੇ
ਆਜਿਜ਼ ਕਿਉਂ ਨ ਪਿਆ ਜਹਾਨ ਆਖੇ / ਕੂਕੇ ਮੌਤ ਦੇ ਨਾਲ ਮਜ਼ਾਕ ਕਰਦੇ

ਪਿਛੇ ਲਿਖਿਆ ਗਿਆ ਹੈ ਕਿ ਅੰਗਰੇਜ਼ਾਂ ਨੇ ਅਪਣੀ ਪਾੜੋ ਅਤੇ ਰਾਜ ਕਰੋ (Divide and Rule) ਦੀ ਪਾਲਸੀ ਅਨੁਸਾਰ ਸਿਖਾਂ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਧਾਰਮਕ ਝਗੜੇ ਫੈਲਾਉਣ ਵਾਸਤੇ ਸਾਰੇ ਪੰਜਾਬ ਵਿਚ ਗਊ ਬਧ ਦੀ ਖੁੱਲ ਦੇ ਦਿੱਤੀ ਸੀ ਅਤੇ ਮੁਸਲਮਾਨਾਂ ਨੂੰ ਉਕਸਾ ਕੇ ਕਈ ਥਾਵਾਂ ਤੇ ਬੁਚੜਖਾਨੇ ਖੁਲਵਾ ਦਿੱਤੇ ਸਨ

ਅੰਗਰੇਜ਼ਾਂ ਨੇ ਸਿਖ ਸਰਦਾਰਾਂ ਨੂੰ ਕਈ ਲਾਲਚ ਦੇ ਕੇ ਅਪਣੇ ਪੱਖੀ ਬਣਾ ਲਿਆ ਸੀ। ਸਿਖ ਰਾਜੇ ਵੀ ਅੰਗਰੇਜ਼ਾਂ ਦੇ ਸ਼ੁਭ ਚਿੰਤਕ ਬਣ ਚੁਕੇ ਸਨ। ਹੁਣ ਸਿਖਾਂ ਵਿਚ ਰਾਜ ਸੱਤਾ ਬਿਲਕੁਲ ਖਤਮ ਹੋ ਗਈ ਸੀ। ਰਾਜ ਸੱਤਾ ਦੇ ਨਾਲ ਧਰਮ ਸੱਤਾ ਅਤੇ ਸਿਖੀ ਅਣਖ ਵੀ ਜਾਂਦੀ ਰਹੀ ਤਾਂਹੀਓਂ ਤਾਂ ਸਿਖਾਂ ਦੇ ਸਭ ਤੋਂ ਵਡੇ ਗੁਰਦੁਆਰੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਕੋਲ ਹੀ ਗਊਬਧ ਕਰਨ ਵਾਸਤੇ ਬੁਚੜਖਾਨਾ ਖੋਲ੍ਹਿਆ ਗਿਆ ਸੀ। ਇਹ ਬੁਚੜਖਾਨਾ ਸਿਖੀ ਅਣਖ ਲਈ ਇਕ ਵੰਗਾਰ ਸੀ। ਜਿਸ ਤਰਾਂ ਪਿਛੇ ਲਿਖਿਆ ਗਿਆ ਹੈ ਇਸ ਚੈਲੰਜ (Challenge) ਦਾ ਮੁਕਾਬਲਾ ਸਿਰਫ ਨਾਮਧਾਰੀ ਸਿਖਾਂ ਨੇ ਹੀ ਕੀਤਾ। ਕਿਉਂਕਿ ਇਹ ਬੁਚੜਖਾਨਾ ਅੰਗਰੇਜ਼ਾਂ ਦੇ ਹੁਕਮ ਨਾਲ ਚਲ ਰਿਹਾ ਸੀ। ਇਸ ਦੇ ਬੁਚੜਾਂ ਨੂੰ ਮਾਰਨਾ ਸਰਕਾਰੀ ਕਾਨੂੰਨ ਅਤੇ ਹੁਕਮ ਦੀ ਉਲੰਘਣਾ ਸੀ। ਨਾਮਧਾਰੀ ਸਿਖਾਂ ਨੇ ਬੁਚੜਾਂ ਨੂੰ ਮਾਰ ਅੰਗਰੇਜ਼ ਨੂੰ ਅਹਿਸਾਸ ਕਰਾ ਦਿੱਤਾ ਕਿ ਸਿਖ ਕੌਮ ਹਲੀ ਜਿੰਦਾ ਹੈ ਅਤੇ ਗੁਰੂ ਦੀ ਕਿਰਪਾ ਨਾਲ ਜਿੰਦਾ ਰਹੇਗੀ। ਭਾਵੇਂ ਇਹ ਸਿਖ ਫੜੇ ਹੋਏ ਬੇਗੁਨਾਹਾਂ ਨੂੰ ਛੁਡਾ ਕੇ ਆਪ ਸ਼ਹੀਦ ਹੋ ਗਏ ਸਨ ਪਰ ਇਕ ਵੇਰ ਅੰਗਰੇਜ਼ੀ ਸਰਕਾਰ ਨੂੰ ਪਿੱਸੂ ਜ਼ਰੂਰ ਪਾ ਦਿੱਤੇ ਸਨ

ਅੰਗਰੇਜ਼ਾਂ ਦੀ ਸ਼ਹਿ ਤੇ ਭੂਤੇ ਹੋਏ ਮੁਸਲਮਾਨਾਂ ਨੇ ਇਕ ਬੁਚੜਖਾਨਾ ਰਾਏਕੋਟ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦੁਆਰੇ ਦੇ ਕੋਲ ਵੀ ਖੋਲਿਆ ਹੋਇਆ ਸੀ। ਇਹ ਵੀ ਇਕ ਸਿਖਾਂ ਨੂੰ ਵੰਗਾਰ ਸੀ। ਇਥੇ ਵੀ ਕਾਂਵਾਂ ਚੀਲਾਂ ਦੀਆਂ ਚੁੰਝਾਂ ਵਿਚੋਂ ਹੱਡੀਆਂ ਅਤੇ ਮਾਸ ਟੁਕੜਿਆਂ ਦੇ ਡਿਗਣ ਨਾਲ ਗੁਰਦੁਆਰੇ ਦੀ ਬੜੀ ਬੇਅਦਬੀ ਹੁੰਦੀ ਸੀ। ਇਹ ਬੁਚੜਖਾਨਾ ਹਿੰਦੂ ਸਿਖਾਂ ਨੂੰ ਚਿੜਾਨ ਦਾ ਇਕ ਬਹਾਨਾ ਬਣਿਆ ਹੋਇਆ ਸੀ। ਭਾਵੇਂ ਇਹ ਅਰਜ਼ੀਆਂ ਦਿੰਦੇ ਵੀ ਸਨ ਪਰ ਅੰਗਰੇਜ਼ਾਂ ਦਾ ਮੁਸਲਮਾਨਾਂ ਦੇ ਪੱਖੀ ਹੋਣ ਕਾਰਨ ਕੋਈ ਦਾਲ ਨਹੀਂ ਗੌਲਦੀ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :-

ਦੇਖਿ ਦੇਖ ਹਿੰਦੂ ਸਭ ਹੋਹਿਂ ਦੁਖਜਾਰ ਭਾਰੇ
ਚਾਰਾ ਜੋਰ ਸਰਕਾਰ ਸੰਗ ਕੋਊ ਨ ਬਨੇ

ਕਿਉਂਕਿ ਇਹ ਇਕ ਇਤਿਹਾਸਕ ਗੁਰਦੁਆਰਾ ਸੀ ਇਸ ਵਾਸਤੇ ਕਾਫੀ ਸੰਗਤ ਦਰਸ਼ਨ ਕਰਨ ਵਾਸਤੇ ਆਉਂਦੀ ਰਹਿੰਦੀ ਸੀ। ਇਕ ਦਿਨ ਦਰਸ਼ਨ ਕਰਨ ਵਾਸਤੇ ਕੁਝ ਨਾਮਧਾਰੀ ਸਿਖ ਵੀ ਆਏ। ਮੌਕਾ ਤਾੜ ਕੇ ਗੁਰਦੁਆਰੇ ਦੇ ਗ੍ਰੰਥੀ ਸਾਹਿਬ ਨੇ ਗੁਰਦੁਆਰੇ ਦੀ ਬੇਅਦਬੀ

ਹੋਣ ਦੀ ਕਥਾ ਇਨ੍ਹਾਂ ਨਾਮਧਾਰੀਆਂ ਸਿਖਾਂ ਨੂੰ ਸੁਣਾਈ ਅਤੇ ਹਟਕੋਰੇ ਲੈਂਦਿਆ ਕਿਹਾ ਕਿ ਸਾਡੀ ਕੋਈ ਪੇਸ਼ ਨਹੀਂ ਜਾਂਦੀ । ਇਹ ਨਾਮਧਾਰੀ ਸਿਖ ਗੁਰਦੁਆਰੇ ਦੀ ਬੇਅਦਬੀ ਦੀ ਕਥਾ ਸੁਣ ਕੇ ਕੁਝ ਉਪਰਾਲਾ ਕਰਨ ਲਈ ਸੋਚਣ ਲਗੇ

੧੫ ਜੁਲਾਈ ਸੰਨ ੧੮੭੧ (15-7-1871) ਦੀ ਰਾਤ ਸੀ । ਬਰਸਾਤ ਹੋ ਰਹੀ ਸੀ । ਸ਼ਹਿਰ ਦੇ ਦੁਆਲੇ ਪਾਣੀ ਚੜ੍ਹਿਆ ਹੋਇਆ ਸੀ । ਕੁਝ ਸਿਖ ਪਾਣੀ ਲੰਘ ਕੇ ਬੁਚੜਖਾਨੇ ਦੇ ਦਰਵਾਜੇ ਅਗੇ ਜਾ ਖਲੋਤੇ । ਅੰਦਰੋਂ ਬੁਚੜਾਂ ਦੇ ਪੁਛਣ ਤੇ ਇਨ੍ਹਾਂ ਸਿਖਾਂ ਕਿਹਾ ਕਿ ਅਸੀ ਉਨ੍ਹਾਂ ਵਾਲੇ ਹਾਂ , ਹੁਕੇ ਤੇ ਅੱਗ ਧਰਣ ਵਾਸਤੇ ਆਏ ਹਾਂ । ਉਨ੍ਹਾਂ ਦਰਵਾਜਾ ਖੋਲ ਦਿੱਤਾ । ਸਿਖਾਂ ਕੋਲ ਤਲਵਾਰਾਂ ਸਨ , ਅੰਦਰ ਵੜਦਿਆਂ ਸਾਰ ਪਹਿਲਾਂ ਗਊਆਂ ਦੇ ਰੱਸੇ ਵੱਢ ਕੇ ਗਊਆਂ ਬਾਹਰ ਕਢ ਦਿੱਤੀਆ ਅਤੇ ਫਿਰ ਬੁਚੜਾਂ ਦੇ ਸਿਰ ਵਢੇ । ਸਿਖ ਅਪਣਾ ਕੰਮ ਕਰਕੇ ਰਾਤੋ ਰਾਤ ਬਹੁਤ ਦੂਰ ਚਲੇ ਗਏ ।

ਅਗਲੀ ਸਵੇਰ ਸ਼ਹਿਰ ਵਿਚ ਰੌਲਾ ਪੈ ਗਿਆ ਕਿ ਰਾਤ ਨੂੰ ਬੁਚੜ ਖਾਨੇ ਹਮਲਾ ਹੋਇਆ ਹੈ । ਅਸਲੀ ਬੁਚੜ ਗਾਂਝਾ ਅਤੇ ਬੂਟਾ ਤਾਂ ਬਚ ਗਏ ਹਨ ਪਰ ਪਰਾਹੁਣੇ ਆਏ ਹੋਏ ਦਸੌਂਧੀ ਗੁੱਜਰ ਅਤੇ ਉਸਦੀ ਘਰਵਾਲੀ ਬੱਸੀ ਮਾਰੇ ਗਏ ਹਨ ਅਤੇ ਹੋਰ ਸੱਤ ਸ੍ਰੀਰ ਬੁਰੀ ਤਰਾਂ ਜ਼ਖਮੀ ਹੋਏ ਹਨ । ਸਰਕਾਰੀ ਦਫਤਰਾਂ ਵਿਚ ਤਾਰਾਂ ਖੜਕ ਗਈਆਂ । ਡਿਪਟੀ ਕਮਿਸ਼ਨ ਮਿਸਟਰ ਕਾਵਨ ਅਤੇ ਸੁਪਰਡੈਂਟ ਪੁਲਿਸ ਲੁਧਿਆਣਾ. ਰਾਇ ਕੋਟ ਪਹੁੰਚ ਗਏ

ਅੰਗਰੇਜ਼ਾਂ ਨੂੰ ਬੁਚੜਾਂ ਦੇ ਮਾਰੇ ਜਾਣ ਦੀ ਚਿੰਤਾ ਨਹੀਂ ਸੀ ਉਨ੍ਹਾਂ ਨੂੰ ਇਹ ਚਿੰਤਾ ਸੀ ਕਿ ਸਾਡੇ ਹੁਕਮ ਨਾਲ ਚਲ ਰਹੇ ਬੁਚੜ ਖਾਨੇ ਹਮਲਾ ਕਿਉਂ ਹੋਇਆ ?

ਇਹ ਇਕ ਕਿਸਮ ਦਾ ਉਨ੍ਹਾਂ ਨੂੰ ਚੈਲੇਂਜ ਸੀ (Challenge)

ਸੋਚਣ ਲਗੇ ਕਿ ਇਹ ਕਉਣ ਹਨ ਜਿਨ੍ਹਾਂ ਪਹਿਲਾਂ ਅੰਮ੍ਰਿਤਸਰ ਬੁਚੜਾਂ ਨੂੰ ਮਾਰਿਆ ਹੈ ਅਤੇ ਹੁਣ ਇਥੇ ਬੁਚੜ ਮਾਰੇ ਹਨ । ਡਿਪਟੀ ਕਮਿਸ਼ਨਰ ਇਸ ਨੂੰ ਅੰਗਰੇਜ਼ਾਂ ਦੀ ਹਾਨੀ ਸਮਝਦਾ ਸੀ । ਉਸਨੇ ਦੋਸ਼ੀਆਂ ਦਾ ਪਤਾ ਦੇਣ ਵਾਲੇ ਨੂੰ ਇਕ ਹਜ਼ਾਰ ਰੁਪੈ ਨਕਦ ਇਨਾਮ ਦਾ ਐਲਾਨ ਕੀਤਾ ਅਤੇ ਰਾਜੇ ਨਾਭੇ ਅਤੇ ਰਾਜੇ ਪਟਿਆਲੇ ਨੂੰ ਵੀ ਇਸ ਕੰਮ ਵਿਚ ਮਦਦ ਦੇਣ ਲਈ ਕਿਹਾ

ਇਨਾਮ ਦੇ ਲਾਲਚ ਕਰਕੇ ਕਈਆਂ ਨੇ ਬੇਦੋਸ਼ੀਆਂ ਨੂੰ ਫੜਾ ਦਿੱਤਾ । ਅੰਤ ਛੇ ਦਿਨਾਂ ਪਿਛੋਂ ਪੈੜਾਂ ਦੇ ਆਧਾਰ ਤੇ ਰਿਆਸਤ ਨਾਭਾ ਅਤੇ ਪਟਿਆਲੇ ਵਿਚੋਂ ਸੱਤ (੭) ਨਾਮਧਾਰੀ ਸਿਖ ਗਿਰਫਤਾਰ ਕੀਤੇ ਗਏ

ਬੱਸੀਆਂ ਵਿਚ ਮਜਿਸਟਰੇਟ ਦੇ ਸਾਹਮਣੇ ਇਹ ਸੂਰ ਪੇਸ਼
ਹੋਏ ਸੰਤ ਮਸਤਾਨ ਸਿੰਘ ਜੀ ਨਗਰ ਪਿਥੋ
ਸੰਤ ਮੰਗਲ ਸਿੰਘ ਜੀ ,
ਸੰਤ ਗੁਰਮੁਖ ਸਿੰਘ ਜੀ ,
ਸੰਤ ਗੁਲਾਬ ਸਿੰਘ ਜੀ ਰੂੜਕੂ ਚਕ
ਸੰਤ ਗਿਆਨੀ ਸਿੰਘ ਜੀ
{ਇਨ੍ਹਾਂ ਨੂੰ ਰਤਨ ਸਿੰਘ ਵੀ ਕਿਹਾ ਜਾਂਦਾ ਸੀ} ਮੰਡੀ
ਸੰਤ ਰਤਨ ਸਿੰਘ ਜੀ ਨਾਈਵਾਲਾ
ਕਾਹਨਾ
ਸੰਤ ਅਤਰ ਸਿੰਘ ਜੀ ਉਮਰ ੧੦ ਸਾਲ ਦੀ ਹੋਣ ਕਰਕੇ
ਉਸੇ ਵਕਤ ਛਡੇ ਗਏ ਸਨ

ਇਸ ਮੁਕੱਦਮੇ ਦੇ ਸਬੰਧ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਬੱਸੀਆਂ ਬੁਲਾਇਆ ਗਿਆ। ਸਤਿਗੁਰੂ ਜੀ ਨਾਲ ਬਹੁਤ ਸੂਰ ਆਏ ਸਨ ਜਿਨ੍ਹਾਂ ਵਿਚ ੧੦ ਘੋੜ ਸਵਾਰ ਅਤੇ ਬਾਕੀ ਪੈਦਲ ਸਨ। ਸਤਿਗੁਰੂ ਜੀ ਨੇ ਬੜੀ ਨਿਰਭੈਤਾ ਨਾਲ ਝੂਠੇ ਗਵਾਹਾਂ ਦੇ ਪਾਜ ਖੋਲੇ ਅਤੇ ਵਾਪਸ ਚਲੇ ਗਏ ਸੈਸ਼ਨ ਜੱਜ ਮਿਸਟਰ ਮੈਂਕਨਾਬ ਨੇ ਇਨ੍ਹਾਂ ਚਹੁੰਆ ਨੂੰ ਫਾਂਸੀ ਦੀ ਸਜ਼ਾ ਸੁਣਾਈ

(1) ਸੰਤ ਮਸਤਾਨ ਸਿੰਘ ਜੀ
(2) ਸੰਤ ਮੰਗਲ ਸਿੰਘ ਜੀ
(3) ਸੰਤ ਗੁਰਮੁਖ ਸਿੰਘ ਜੀ
(4) ਸੰਤ ਗੁਲਾਬ ਸਿੰਘ ਜੀ

ਇਨ੍ਹਾਂ ਵਿਚੋਂ ਚੌਥਾ ਆਦਮੀ ਸੰਤ ਗੁਲਾਬ ਸਿੰਘ ਬਦਕਿਸਮਤੀ ਸਰਕਾਰ ਦਾ ਖੈਰਖਾਹ ਬਣ ਗਿਆ ਸੀ ਅਤੇ ਵਾਅਦਾ ਮੁਆਫ ਗਵਾਹ ਬਣ ਗਿਆ ਸੀ। ਇਸ ਲਈ ਇਸਦੀ ਜਾਨ ਬਖਸ਼ੀ ਕੀਤੀ ਗਈ ਸੀ

ਫੈਸਲੇ ਪਿਛੋਂ ੨੮ ਜੁਲਾਈ ਨੂੰ ਇਨ੍ਹਾਂ ਚਹੁੰਆਂ ਨੂੰ ਅਤੇ ਗਿਆਨੀ ਸਿੰਘ ਤੇ ਰਤਨ ਸਿੰਘ ਨੂੰ ਲੁਧਿਆਣੇ ਜੇਲ੍ਹ ਵਿਚ ਲਿਆਂਦਾ ਗਿਆ। ਚੀਫਕੋਰਟ ਵਲੋਂ ਵੀ ਇਨ੍ਹਾਂ ਦੀ ਫਾਂਸੀ ਦੀ ਸਜ਼ਾ ਤੇ ਮੁਹਰ ਲਾ ਦਿਤੀ ਗਈ

ਫਿਰ ਸੰਤ ਮਸਤਾਨ ਸਿੰਘ, ਸੰਤ ਮੰਗਲ ਸਿੰਘ ਅਤੇ ਗੁਰਮੁਖ ਸਿੰਘ ਜੀ ਨੂੰ ਰਾਇਕੋਟ ਲਿਆਂਦਾ ਗਿਆ। ੫ ਅਗਸਤ ੧੮੭੧ (5-8-1871) ਨੂੰ ਬੁਚੜ ਖਾਨੇ ਦੇ ਕੋਲ ਸਵੇਰੇ ਸਵੇਰੇ ਫਾਂਸੀ ਦਿੱਤੀ ਗਈ। ਇਨ੍ਹਾਂ ਸ਼ਹੀਦਾਂ ਨੇ ਵੀ ਫਾਂਸੀ ਦੇ ਰੱਸੇ ਆਪ ਆਪਣੇ ਗਲਾਂ ਵਿਚ ਪਾਏ ਸਨ

ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਮਾਸਟਰ ਅਮ੍ਰੀਕ ਸਿੰਘ ਜੀ
ਵਲੋਂ ਲਿਖੀ ਹੋਈ ਕਵਿਤਾ ਵਿਚੋਂ ਕੁਝ ਸਤਰਾਂ ਇਸ ਤਰਾਂ ਹਨ

ਸੁਣੋ ਵਾਰਤਾ ਠਲ ਕਲੇਜਿਆਂ ਨੂੰ, ਰਾਇਕੋਟ ਦੇ ਅਮਰ ਪਰਵਾਨਿਆਂ ਦੀ।
ਮਥਾ ਜ਼ੁਲਮ ਪਹਾੜ ਨੂੰ ਜਾ ਲਾਇਆ, ਕੀਤੀ ਨਹੀਂ ਪਰਵਾਹ ਜਰਵਾਨਿਆਂ ਦੀ।
ਉਹਨਾਂ ਕੌਮ ਦੇ ਮਥੇ ਕਲੰਕ ਜਾਤਾ, ਹੋਂਦ ਦੇਸ਼ ਅੰਦਰ ਬੁਚੜ ਖਾਨਿਆਂ ਦੀ।
ਸਾਰਾ ਦੇਸ਼ ਏਸ ਜ਼ੁਲਮ ਨੂੰ ਸਹਿ ਗਿਆ ਸੀ, ਐਪਰ ਮੰਨੀ ਨ ਰੂਹ ਮਸਤਾਨਿਆਂ ਦੀ।

ਧਰਮਸਾਲ ਵਿਚ ਆਇਆਂ ਨੂੰ ਭਾਈ ਜੀ ਨੇ, ਦਸੀ ਦਰਦ ਭਰੀ ਦਾਸਤਾਨ ਸਾਰੀ।
ਗਊਆਂ ਅਖਾਂ ਦੇ ਸੌਹੇਂ ਮਰੀਦੀਆਂ ਨੇ, ਕਿਉਂ ਨ ਦੇਸ਼ ਦੇ ਹੋਣ ਜਵਾਨ ਆਰੀ।
ਸੁਟਣ ਵਿਹੜੇ 'ਚ ਰੋਜ਼ ਹੀ ਮਾਸ ਇਲਾਂ, ਸਾਡੀ ਖਾਕ ਮਿਲਾਈ ਏ ਸ਼ਾਨ ਭਾਰੀ।
ਛੁਰੀ ਗਊ ਦੇ ਗਲੋਂ ਲੁਹਾਏ ਜਿਹੜਾ, ਐਸਾ ਦਿਸੈ ਨ ਵੀਰ ਕਮਾਨ ਧਾਰੀ।

ਲਾਲੀ ਗਿਠ ਗਿਠ ਚੜ੍ਹ ਗਈ ਖਾਲਸੇ ਨੂੰ, ਸੁਣਦੇ ਸਾਰ ਹੀ ਕਿੱਸਾ ਹੈਰਾਨੀਆਂ ਦਾ।
ਕਿਹਾ ਲਾਹਨਤ ਬੇ ਅਣਖੀ ਦੇ ਜੀਵਨੇ ਨੂੰ, ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।
ਸੰਨ ੭੧ ਜੁਲਾਈ ਦੀ ਪੰਦਰਾਂ ਨੂੰ, ਕੀਤਾ ਖਤਮ ਟੋਲਾ ਕਹਿਰਵਾਨੀਆਂ ਦਾ।
ਜਿਹੜੀ ਹੋਏਗੀ ਸਿਰ ਤੇ ਸਹਿ ਲਾਂਗੇ, ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।

ਤਾਰਾਂ ਖੜਕੀਆਂ ਤੇੜ ਵਲੈਤ ਤਾਈਂ, ਦਹਿਸ਼ਤ ਫੈਲ ਗਈ ਕੁਲ ਜਹਾਨ ਉਤੇ।
ਭੁਲ ਟੋਪੀਆਂ ਸਾਹਿਬੜੇ ਨਸ ਉਠੇ, ਉਪਰ ਦਰਾਂ ਦੇ ਛਡ ਦਰਬਾਨ ਸੁਤੇ।
ਨਾਲ ਲੈ ਲਿਆ ਪਿਠੂਆਂ ਟੋਡੀਆਂ ਨੂੰ, ਕਰਨ ਮੁਖਬਰੀ ਬੇਈਮਾਨ ਕੁਤੇ।
ਗਲ ਇਕ ਨ ਬਾਹੂ ਦੀ ਦਸ ਸਕੇ, ਅਗਾੜ ਤੱਤੀਆ ਝੂਠੀ ਲਾਣ ਬੁਤੇ।

ਪੰਜ ਅਗਸਤ ਨੂੰ ਤਿੰਨ ਮਨੂਸਰ ਏਥੇ, ਐਨਲ ਹੱਕ ਬਦਲੇ ਜਾਨ ਵਾਰ ਗਏ ਸਨ
ਗਊ ਮਰਨ ਨਹੀਂ ਦੇਣ ਪੰਜਾਬ ਅੰਦਰ, ਫਾਂਸੀ ਚੜ੍ਹਦਿਆਂ ਮਾਰ ਲਲਕਾਰ ਗਏ ਸਨ
ਦੂਜੇ ਜਨਮ ਵਿਚ ਬਲਿਆ ਯਾਦ ਰਖੀਂ, ਤੈਨੂੰ ਕਢਾਂਗੇ ਕਰ ਇਕਰਾਰ ਗਏ ਸਨ
ਰੱਸਾ ਫਾਂਸੀ ਯਾਰ ਦੀ ਜੁਲਫ ਜਾਤੀ, ਚੁੰਮ ਗਲੇ 'ਚ ਪਾ ਸਰਦਾਰ ਗਏ ਸਨ
ਇਕ ਹੋਰ ਕਵੀ ਸ੍ਰੀ ਬਲਬੀਰ ਸਿੰਘ ਜੀ ਵਲੋਂ ਦੀ ਕਵਿਤਾ ਵਿਚੋਂ ਕੁਝ ਸਤਰਾਂ ਇਸ ਤਰਾਂ ਹਨ

ਮੰਗਲ ਸਿੰਘ ਮਸਤਾਨ ਸਿੰਘ ਕਹਿਣ ਲਗੇ, ਸਾਨੂੰ ਮੌਤ ਦੀ ਕੋਈ ਪਰਵਾਹ ਨਾਹੀਂ।
ਹੱਸ ਹੱਸ ਕੇ ਚੜ੍ਹਾਂਗੇ ਫਾਂਸੀਆਂ ਤੇ, ਧਰਮ ਛੱਡ ਕੇ ਜੀਣ ਦਾ ਚਾ ਨਾਹੀਂ।
ਗੁਰਮੁਖ ਸਿੰਘ ਨੇ ਕਿਹਾ ਫਰੰਗੀਆ ਓਏ ਸਾਡਾ ਖੌਫ ਤੂੰ ਦਿਲੋਂ ਭੁਲਾ ਨਾਹੀ
ਜਾਮੇ ਬਦਲ ਕੇ ਆਵਾਂਗੇ ਫੇਰ ਏਥੇ, ਅਸਾਂ ਛਡਣੀ ਤੇਰੀ ਸੁਆਹ ਨਾਹੀ


ਮੈਨੂੰ ਮਾਰਕੇ ਕੋਈ ਅਗੇ ਬੀਦ ਤਾਂ ਨਹੀਂ ਹੋਇ ਜਾਣੀ ਹੈ। ਜਿਨ੍ਹਾਂ ਨੇ ਤੁਹਾਨੂੰ ਮਾਰਨਾ ਹੈ ਸੋ ਰਾਮਦਾਸ ਪੁਰੇ ਮੈਂ ਬੈਠਾ ਹੈ। ਪਾਛੇ ਤੁਹਾਡਾ ਨਾਸ ਕਰਸੀ ਇਹ ਤਾਂ ਅਜੇ ਮੁੰਡਿਆਂ ਦੀ ਖੇਡ ਹੋਈ ਹੈ। ਸ਼ੇਸ਼ ਨਾਗ ਤਾਂ ਬੈਠਾ ਹੈ। ਜੇ ਇਕ ਦੋ ਸਰਪ ਮਾਰ ਦੀਏ ਤਾਂ ਕੀ ਹੂਆ, ਤੁਹਾਡਾ ਕਾਲ ਤੁਹਾਡੇ ਸਿਰ ਉਤੇ ਬੈਠਾ ਹੈ। ਅਸੀਂ ਵੀ ਕਿਧਰੇ ਨਹੀ ਜਾਣਾ ਹੈ। ਦਸ ਮਹੀਨੇ ਕਿਸੇ ਜੱਟੀ ਦੀ ਕੁਖ ਵਿਚ ਕਟ ਕੇ ਆਵਾਂਗਾ.....
ਤੁਸਾਂ ਦੇ ਸਾਥ ਲੜਾਈ ਕਰਾਂਗਾ"

ਸਰਕਾਰ ਨੇ ਆਪਣੇ ਵਲੋਂ ਦਹਿਸ਼ਤ ਪੈਦਾ ਕਰਨ ਵਾਸਤੇ ਲੋਕਾਂ ਨੂੰ ਇਕਠਿਆਂ ਕੀਤਾ ਸੀ ਪਰ ਸੰਤ ਗਿਆਨੀ ਸਿੰਘ ਜੀ ਦੇ ਬਚਨ ਸੁਣ ਕੇ ਲੋਕ ਬਹੁਤ ਪ੍ਰਭਾਵਤ ਹੋਏ

ਅਖੀਰ ਇਨ੍ਹਾਂ ਦੁਹਾਂ ਨੇ ਅਰਦਾਸ ਕਰਕੇ ਜੈਕਾਰਾ ਛੱਡ ਕੇ ਆਪਣੇ ਗਲਾਂ ਵਿਚ ਆਪ ਹੀ ਰੱਸੇ ਪਾਏ, ਥਲਿਓਂ ਪਟੜਾ ਖਿਚਿਆ ਗਿਆ ਅਤੇ ਦੋਵੇਂ ਸ੍ਰੀ ਸ਼ਹੀਦ ਹੋ ਗਏ

NO. 21
DATE

ਜੀਅ ਦਇਆ ਪਰਵਾਨ ਤੇ ਝਗੜਾ



ਮੂਲੀਆਂ ਲਦੇ ਬੈਲ ਨੂੰ ਭਾਰ ਮੁਕਤ ਕਰੌਨ ਲਈ ਸਰਦਾਰ ਗੁਰਮੁਖ ਸਿੰਘ ਦਾ ਬੈਲ ਵਾਲੇ ਨਾਲ ਝਗੜਾ ।

ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ

ਅੰਮ੍ਰਿਤਸਰ ਅਤੇ ਰਾਏਕੋਟ ਦੇ ਸ਼ਹੀਦਾਂ ਦੀ ਸ਼ਹਾਦਤ ਨੇ ਸਾਰੇ ਪੰਥ ਵਿਚ ਜੋਸ਼ ਭਰ ਦਿੱਤਾ ਸੀ। ਲੁਧਿਆਣੇ ਦੇ ਬੇਗੁਨਾਹ ਸ਼ਹੀਦ ਸੂਬਾ ਸੰਤ ਗਿਆਨੀ ਸਿੰਘ ਜੀ ਅਤੇ ਸੰਤ ਰਤਨ ਸਿੰਘ ਜੀ ਦੀ ਸ਼ਹਾਦਤ ਨੇ ਇਸ ਜੋਸ਼ ਨੂੰ ਹੋਰ ਵੀ ਭੜਕਾ ਦਿੱਤਾ ਸੀ ਅਤੇ ਦੂਜੇ ਪਾਸੇ ਅੰਗਰੇਜ਼ੀ ਸਰਕਾਰ ਵੀ ਕੂਕਿਆਂ ਤੇ ਕਰੜੀ ਨਿਗਰਾਨੀ ਰੱਖਣ ਲੱਗ ਪਈ ਸੀ

ਇਨ੍ਹਾਂ ਦਿਨਾਂ ਵਿਚ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾਂ ਜੀ ਚੜ੍ਹਾਈ ਕਰ ਗਏ ਸਨ। ਉਨ੍ਹਾਂ ਨਮਿੱਤ ਬਿਕਰਮੀ ਸੰਮਤ ੧੯੨੮ ਦੀ ਮਾਘੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਮੇਲਾ ਕੀਤਾ ਗਿਆ ਸੀ। ਮਾਤਾ ਜੀ ਦੇ ਭੋਗ ਕਾਰਨ ਸੰਗਤ ਬਹੁਤ ਆਈ ਸੀ। ਮੇਲੇ ਵਿਚ ਹਰ ਥਾਂ ਸ਼ਹੀਦਾਂ ਦੀ ਹੀ ਚਰਚਾ ਸੀ ਹਰ ਕੋਈ ਅੰਗਰੇਜ਼ਾਂ ਦੀ ਬੇਨਿਆਈ ਤੇ ਰੋਸ ਪਰਗਟ ਕਰਦਾ ਸੀ।

ਇਸੇ ਮੇਲੇ ਵਿਚ ਹੀ ਪਿੰਡ ਫਰਵਾਹੀ ਦੇ ਨੰਬਰਦਾਰ ਸੰਤ ਗੁਰਮੁਖ ਸਿੰਘ ਜੀ ਨੇ ਮਸਤਾਨਿਆਂ ਦੇ ਇਕ ਜਥੇ ਨੂੰ ਇਕ ਨਵੀਂ ਤਾਜ਼ੀ ਵਾਰਤਾ ਸੁਣਾਈ ਜੋ ਇਸ ਤਰ੍ਹਾਂ ਹੈ :- ਮੈਂ ਮਾਮਲਾ ਤਾਰਨ ਲਈ ਮਲੇਰ ਕੋਟਲੇ ਜਾ ਰਿਹਾ ਸਾਂ ਰਾਹ ਵਿਚ ਵੇਖਿਆ ਕਿ ਇਕ ਅਰਾਈਂ ਨੇ (ਕਰੂੰਜੜਾ) ਇਕ ਬੈਲ ਉਤੇ ਮੂਲੀਆਂ ਦੀ ਭਾਰੀ ਪੰਡ ਬੰਨ੍ਹ ਕੇ ਰਖੀ ਸੀ ਅਤੇ ਫਿਰ ਆਪ ਵੀ ਉਸ ਬੈਲ ਤੇ ਬੈਠਾ ਹੋਇਆ ਸੀ ਭਾਰ ਵਧੇਰੇ ਹੋਣ ਕਰਕੇ ਬੈਲ ਬੜਾ ਦੁਖੀ ਸੀ ਅਤੇ ਬੜੀ ਮੁਸ਼ਕਲ ਨਾਲ ਹੌਲੀ ਹੌਲੀ ਹਫਦਾ ਹਫਦਾ ਜਾ ਰਿਹਾ ਸੀ। ਬੈਲ ਨੂੰ ਦੁਖੀ ਵੇਖ ਕੇ ਮੈਂ ਉਸ ਅਰਾਈਂ ਨੂੰ ਕਹਿਆ ਮੀਆਂ! ਬੈਲ ਉਤੇ ਤਾਂ ਮੂਲੀਆਂ ਦਾ ਭਾਰ ਹੀ ਬੜਾ ਹੈ ਜੇ ਤੂੰ ਆਪ ਬੈਲ ਤੋਂ ਉਤਰ ਕੇ ਨਾਲ ਨਾਲ ਟੁਰਦਾ ਜਾਏਂ ਤਾਂ ਉਹ ਕੁਝ ਸੌਖਾ ਹੋ ਜਾਏਗਾ ਉਹ ਅੜਬ ਅਰਾਈਂ ਉਲਟਾ ਪੈ ਗਿਆ ਅਤੇ ਉਟ ਪਟਾਂਗ ਬਕਣ ਲਗਾ ਮੈਨੂੰ ਵੀ ਗੁੱਸਾ ਆ ਗਿਆ ਅਤੇ ਮੈਂ ਵੀ ਖਰੀਆਂ ਖਰੀਆਂ ਸੁਣਾਈਆਂ। ਝਗੜਾ ਵਧ ਗਿਆ ਅਤੇ ਅਸੀਂ ਕੋਤਵਾਲੀ ਪਹੁੰਚੇ। ਬੇਈਮਾਨ ਮੁਸਲਮਾਨ ਕੋਤਵਾਲ ਨੇ ਅਰਾਈਂ ਦਾ ਪੱਖ ਕਰਦਿਆਂ ਮੈਨੂੰ ਗਾਲ੍ਹਾਂ ਕਢੀਆਂ ਅਤੇ ਮੇਰੇ ਸਾਮ੍ਹਣੇ ਬੈਲ ਨੂੰ ਜ਼ਬਹ ਕਰਵਾ ਦਿੱਤਾ ਅਤੇ ਮੇਰੀ ਬੇਇਜ਼ਤੀ ਕਰ ਕੇ ਧੱਕੇ ਮਰਵਾ ਕੇ ਕੋਤਵਾਲੀਓਂ ਬਾਹਰ ਕਢਵਾ ਦਿੱਤਾ

ਸੰਤ ਗੁਰਮੁਖ ਸਿੰਘ ਜੀ ਦੀ ਵਾਰਤਾ ਸੁਣ ਕੇ ਮਸਤਾਨਿਆਂ ਨੂੰ ਰੋਹ ਚੜ੍ਹ ਗਿਆ ਅਤੇ ਮਲੇਰ ਕੋਟਲੀਆਂ ਨੂੰ ਸੋਧਣ ਦਾ ਮਤਾ ਪਕਾਇਆ। ਸਤਿਗੁਰ ਜੀ ਨੇ ਉਨ੍ਹਾਂ ਮਸਤਾਨਿਆਂ ਨੂੰ ਸਮਝਾਇਆ ਕਿ ਪਨੀਰੀ ਹਾਲੀ ਛੋਟੀ ਹੈ, ਕੁਝ ਦਿਨ ਠਹਿਰ ਜਾਓ ਜਿਹੜਾ ਕੰਮ ਤੁਸੀਂ ਤਲਵਾਰ ਨਾਲ ਕਰਨਾ ਚਾਹੁੰਦੇ ਹੋ ਮੈਂ ਮਾਲਾ ਨਾਲ ਹੀ ਕਰ ਦਿਆਂਗਾ। ਸਿਖਾਂ ਨੇ ਅਰਜ਼ ਕੀਤੀ ਸੱਚੇ ਪਾਤਸ਼ਾਹ ਜੀ, ਹੁਣ ਹਦ ਹੋ ਗਈ ਏ, ਸਾਡੇ ਕੋਲੋਂ ਰਹਿਆ ਨਹੀਂ ਜਾਂਦਾ

ਸਤਿਗੁਰੂ ਜੀ ਨੇ ਬੜਾ ਸਮਝਾਇਆ ਕਿ ਕਾਹਲ ਨ ਕਰੋ
ਪਰ ਮਸਤਾਨੇ ਜੋਸ਼ ਕਾਰਨ ਆਪੇ ਤੋਂ ਬਾਹਰ ਹੋ ਰਹੇ ਸਨ ਉਨ੍ਹਾਂ ਕਹਿਆ ਕਿ ਸਾਨੂੰ
ਸ੍ਰੀ ਗੁਰੂ ਤੇਗ ਬਹਾਦਰ ਜੀ ਹੁਕਮ ਕਰ ਰਹੇ ਹਨ ਕਿ ਪਾਪਾਂ ਦਾ ਬੀੜਾ ਚੱਕੋ ਅਤੇ
ਮਲੇਰ ਕੋਟਲੇ ਧਾਵਾ ਕਰੋ । ਇਹ ਸੁਣਕੇ ਸਤਿਗੁਰੂ ਜੀ ਨੇ ਬਚਨ ਕੀਤਾ ਕਿ

"ਭਾਈ, ਗੁਰੂ ਤੇਗ ਬਹਾਦਰ ਜੀ ਦੇ ਹੁਕਮ ਅਗੇ ਮੇਰਾ ਕੋਈ ਜੋਰ ਨਹੀ।" ਫਿਰ ਸਤਿਗੁਰੂ ਜੀ ਨੇ ਆਪਣਿਆਂ
ਸਿਖਾਂ ਨੂੰ ਕੜਾਹ ਪ੍ਰਸ਼ਾਦ ਛਕਾਇਆ । ਫਿਰ ਇਸ ਜਥੇ ਦੇ ਜਥੇਦਾਰ ਸ੍ਰ. ਹੀਰਾ ਸਿੰਘ
ਜੀ ਨੇ "ਕ੍ਰਿਪਾਨ ਨਾਲ ਲੀਕ ਖਿੱਚ ਕੇ ਵੰਗਾਰ ਕੇ ਆਖਿਆ :-
ਆਓ ਜਿਸ ਨੇ ਧਰਮ ਹੇਠ ਸੀਸ ਦੇਣਾ ਹੈ ਉਹ ਲੀਕ ਟਪ ਕੇ ਆਵੇ

ਅਥਵਾ

ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰੁ ਧਰਿ ਤਲੀ ਗਲੀ ਮੇਰੀ ਆਉ

ਜਥੇਦਾਰ ਦੀ ਵੰਗਾਰ ਸੁਣ ਕੇ ੧੪੦ (140) ਸਿੰਘਾਂ ਨੇ ਲੀਕ ਟਪੀ ਜਿਨ੍ਹਾਂ ਵਿਚ
੨ ਮਾਈਆਂ ਹੰਢਿਆਏ ਦੀ ਮਾਈ ਇੰਦ ਕੌਰ ਅਤੇ ਵਿੱਤੂ ਪੁਰੇ ਦੀ ਮਾਈ
ਖੇਮ ਕੌਰ ਵੀ ਸਨ । ਅਰਦਾਸ ਕਰਕੇ ਇਸ ਜਥੇ ਨੇ ਚਾਲੇ ਪਾ ਦਿੱਤੇ । ਜਥੇ
ਦੇ ਅਗੇ ਅਗੇ ਇਹ ਦੋਵੇਂ ਮਾਈਆਂ ਸਫੈਦ ਝੰਡਾ ਚੁਕ ਕੇ ਜਾ ਰਹੀਆਂ ਸਨ
ਇਹ ਜਥਾ ਕਿਥੇ ਜਾ ਰਿਹਾ ਸੀ ? ਇਹ ਜਥਾ ਬੁਚੜਾਂ ਅਤੇ ਉਨ੍ਹਾਂ ਦੇ
ਪਿਠੂਆਂ ਨੂੰ ਸੋਧਣ ਵਾਸਤੇ ਮਲੇਰ ਕੋਟਲ ਜਾ ਰਿਹਾ ਸੀ ਅਤੇ ਨਾਲ ਹੀ
ਅੰਗਰੇਜੀ ਸਰਕਾਰ ਨੂੰ ਚਿਤਾਵਣੀ ਦੇਣ ਜਾ ਰਿਹਾ ਸੀ ਕਿ ਅਸੀਂ ਗਊ ਹਤਿਆ
ਬਰਦਾਸ਼ਤ ਨਹੀਂ ਕਰ ਸਕਦੇ ।
ਸ੍ਰੀ ਭੈਣੀ ਸਾਹਿਬ ਤੋਂ ਚਲ ਕੇ ਇਸ ਜਥੇ ਨੇ ਪਿੰਡ ਰਬੋਂ ਪਹੁੰਚ ਕੇ
ਰਾਤ ਕਟੀ ਅਤੇ ਅਗਲੀ ਸਵੇਰ ਚਲ ਕੇ ਪਿੰਡ ਮਲੌਦ ਪਹੁੰਚ ਗਿਆ
ਇਥੇ ਬਦਨ ਸਿੰਘ ਨਾਮੀ ਇਕ ਸਰਦਾਰ ਰਹਿੰਦਾ ਸੀ । ਇਸ ਸਰਦਾਰ ਨੇ ਕਿਸੇ
ਵਕਤ ਸ੍ਰੀ ਸਤਿਗੁਰੂ ਜੀ ਅਗੇ ਅਰਜ ਕੀਤੀ ਸੀ ਕਿ ਮੇਰੇ ਲਾਇਕ ਕੋਈ ਸੇਵਾ
ਹੋਵੇ ਤਾਂ ਹੁਕਮ ਕਰੋ । ਸਤਿਗੁਰੂ ਜੀ ਤਾਂ ਚੁਪ ਰਹੇ ਪਰ ਕੋਲੋਂ ਸ੍ਰ: ਹੀਰਾ ਸਿੰਘ ਜੀ
ਨੇ ਕਿਹਾ ਸੀ ਕਿ ਜਦੋਂ ਵਕਤ ਆਵੇਗਾ ਤਾਂ ਦਸਾਂ ਗੇ । ਸ੍ਰ. ਹੀਰਾ ਸਿੰਘ ਜੀ ਨੂੰ
ਇਹ ਬਚਨ ਯਾਦ ਸਨ । ਉਸ ਨੇ ਇਸੇ ਆਸ ਤੇ ਸ੍ਰ: ਬਦਨ ਸਿੰਘ ਕੋਲੋਂ ਕੁਝ
ਹਥਿਆਰ ਅਤੇ ਘੋੜੇ ਮੰਗੇ । ਸ੍ਰ. ਬਦਨ ਸਿੰਘ ਅੰਗਰੇਜੀ ਸਰਕਾਰ ਤੋਂ ਡਰਦਿਆਂ
ਸਾਫ ਮੁਕਰ ਗਿਆ ਅਤੇ ਹਥਿਆਰ ਦੇਣੋਂ ਸਾਫ ਇਨਕਾਰ ਕਰ ਦਿੱਤਾ

ਸ੍ਰ: ਬਦਨ ਸਿੰਘ ਨੇ ਹਥਿਆਰ ਦੇਣ ਤੋਂ ਸਿਰਫ ਨਾਂਹ ਹੀ ਨਹੀ ਕੀਤੀ ਸਗੋਂ ਸ੍ਰ: ਹੀਰਾ ਸਿੰਘ ਜੀ ਅਤੇ ਸ੍ਰ: ਲਹਿਣਾ ਸਿੰਘ ਜੀ ਨੂੰ ਕਈ ਅਜੇਹਾ ਗਲਾਂ ਵੀ ਕੀਤੀਆਂ। ਅੈਸੀਆਂ ਦਿਲ ਢਾਹੂ ਗਲਾਂ ਕੀਤੀਆਂ ਕਿ ਸਾਰੇ ਸਿੰਘਾਂ ਨੂੰ ਗੁੱਸਾ ਚੜ੍ਹ ਗਿਆ। ਮਾਈ ਇੰਦ ਕੌਰ ਨੂੰ ਇਨਾ ਗੁੱਸਾ ਆਇਆ ਕਿ ਉਸ ਨੇ ਸ੍ਰ: ਬਦਨ ਸਿੰਘ ਨੂੰ ਗਾਲ੍ਹਾਂ ਕਢਦਿਆਂ ਕਢਦਿਆਂ ਇਕ ਟਕੂਆ ਫੜ ਕੇ ਸਰਦਾਰ ਦੇ ਸਿਰ ਵਿਚ ਮਾਰਿਆ ਸਰਦਾਰ ਭਾਵੇਂ ਪਾਸਾ ਵਲ ਗਿਆ ਸੀ ਪਰ ਫਿਰ ਵੀ ਉਸ ਦੇ ਮੱਥੇ ਤੇ ਕੁਝ ਜ਼ਖਮ ਹੋ ਹੀ ਗਿਆ ਸੀ। ਸ੍ਰ: ਬਦਨ ਸਿੰਘ ਭੱਜ ਕੇ ਅੰਦਰ ਵੜ ਗਿਆ ਅਤੇ ਅਪਣੇ ਆਦਮੀਆਂ ਨੂੰ ਆਵਾਜ਼ਾਂ ਮਾਰਨ ਲਗਾ। ਉਸ ਦੇ ਨੌਕਰ ਚਾਕਰ, ਹਥਿਆਰ ਫੜ ਕੇ ਭਜੇ ਆਏ, ਚੰਗੀ ਲੜਾਈ ਹੋਈ। ਲੜਾਈ ਵਿਚ ਸਰਦਾਰ ਦੇ ੬-੭ ਆਦਮੀ ਮਾਰੇ ਗਏ ਅਤੇ ੨ ਸਿੰਘ ਵੀ ਸ਼ਹੀਦ ਹੋ ਗਏ,

ਸਿਖਾਂ ਦਾ ਅਸਲੀ ਮਕਸਦ ਇਥੇ ਕੋਈ ਲੜਾਈ ਕਰਨ ਦਾ ਨਹੀਂ ਸੀ। ਉਹ ਤਾਂ ਬਦਨ ਸਿੰਘ ਕੋਲੋਂ ਹਥਿਆਰ ਲੈਣ ਆਏ ਸਨ ਪਰ ਜਦੋਂ ਸਰਦਾਰ ਨੇ ਹਥਿਆਰ ਦੇਣੋ ਕੋਰਾ ਜਵਾਬ ਦਿੱਤਾ ਤਾਂ ਸਿਖਾਂ ਨੂੰ ਅਪਣਾ ਬਣਾਇਆ ਹੋਇਆ ਪਰੋਗਰਾਮ ਵਿਗੜ ਜਾਣ ਦੇ ਸ਼ਕ ਨਾਲ ਗੁੱਸਾ ਆ ਗਿਆ ਅਤੇ ਇਹ ਲੜਾਈ ਗਲ ਪੈ ਗਈ। ਲੜਾਈ ਵਿਚ ਦੋ ਘੋੜੇ, ਇਕ ਘੋੜੀ, ਇਕ ਦੋ ਨਾਲੀ ਬੰਦੂਕ ਕੁਝ ਤਲਵਾਰਾਂ, ਕੁਝ ਛੁਰੇ ਅਤੇ ਕੁਝ ਗੰਡਾਸੇ ਸਿਖਾਂ ਦੇ ਹਥ ਆ ਗਏ। ਸਿਖਾਂ ਨੇ ਇਥੋਂ ਮਲੇਰ ਕੋਟਲੇ ਨੂੰ ਚਾਲੇ ਪਾ ਦਿੱਤੇ। ਮਲੇਰ ਕੋਟਲੇ ਤੋਂ ਤਕਰੀਬਨ ਇਕ ਮੀਲ ਉਰੇ ਹੀ ਸ੍ਰ: ਹੀਰਾ ਸਿੰਘ ਨੇ ਇਕ ਵੇਰ ਫਿਰ ਲਕੀਰ ਮਾਰ ਕੇ ਆਖਿਆ ਕਿ ਮੇਰੇ ਸਾਥੀਓ। ਜਿਹੜਾ ਡਰਦਾ ਹੈ ਉਹ ਹੁਣ ਵੀ ਵਾਪਸ ਜਾ ਸਕਦਾ ਹੈ ਅਗੇ ਤਾਂ ਇਹ ਗਲ ਹੈ **ਪਹਿਲ ਮਰਣ ਕਬੂਲ, ਜੀਵਣ ਦੀ ਛਡਿ ਆਸ** ਮੇਰਾ ਭਾਵ ਹੈ ਕਿ ਸਾਡੇ ਪਰੋਗਰਾਮ ਦਾ ਸਿੱਟਾ ਮੌਤ ਹੀ ਹੈ ਭਾਵੇਂ ਬੁਚੜਾਂ ਨਾਲ ਲੜਦਿਆਂ ਹੋ ਜਾਏ ਅਤੇ ਭਾਵੇਂ ਪਿਛੋਂ ਸਰਕਾਰ ਦੇ ਹਥੋਂ ਹੋ ਜਾਏ।

ਇੰਨੇ ਨੂੰ ਮਾਈ ਇੰਦ੍ਰ ਕੌਰ ਨੇ ਹਲਾ ਸ਼ੇਰੀ ਕਰਦਿਆਂ ਜੋਰ ਨਾਲ ਜੈਕਾਰਾ ਛਡਿਆ

ਜੋ ਬੋਲੇ ਸੋ ਨਿਹਾਲ ਫਿਰ **ਸਤਿ ਸ੍ਰੀ ਅਕਾਲ**

ਕਹਿੰਦਿਆਂ ਹੋਇਆਂ ਇਕ ਸੌ ਤੋਂ ਉਤੇ ਸਿਖ ਲੀਕ ਟਪ ਕੇ ਪਾਰ ਹੋ ਗਏ। ਇਹ ਸਿਰਫ ਲੀਕ ਹੀ ਨਹੀ ਟੱਪੀ ਸਗੋਂ ਮੌਤ ਨੂੰ ਵਰਣ ਵਾਸਤੇ ਦਸਤਖਤ ਕੀਤੇ ਸਨ

ਜਥੇਦਾਰ ਜੀ ਨੇ ਸਭ ਨੂੰ ਸਮਝਾਇਆ ਕਿ ਅਸਾਂ ਧਰਮ ਯੁਧ ਕਰਨਾ ਹੈ, ਕੋਈ ਕਿਸੇ ਦੀ ਕੋਈ ਚੀਜ ਨ ਚੁਕੇ ਅਤੇ ਨ ਹੀ ਕੋਈ ਕਿਸੇ ਇਸਤਰੀ ਜਾਂ ਕਿਸੇ ਬਾਲ ਨੂੰ ਮਾਰਨ ਦੀ ਕੋਸ਼ਸ਼ ਕਰੇ। ਫਿਰ ਸਾਰਿਆਂ ਸੂਰਮਿਆਂ ਨੇ ਕਮਰ ਕਸੇ ਸਜਾ ਲਏ ਅਤੇ ਆਪੋ ਅਪਣੇ ਹਥਿਆਰ ਸਜਾ ਕੇ ਤਿਆਰ ਬਰ ਤਿਆਰ ਹੋ ਗਏ

ਮਲੇਰ ਕੋਟਲੇ ਵਾਲਿਆਂ ਨੂੰ ਵੀ ਇਸ ਹੋਣ ਵਾਲੇ ਹੱਲੇ ਦੀ ਖਬਰ ਮਿਲ ਚੁਕੀ ਸੀ ਉਨ੍ਹਾਂ ਨੇ ਵੀ ਪੂਰੀ ਤਿਆਰੀ ਕੀਤੀ ਹੋਈ ਸੀ

ਸਿਖਾਂ ਨੇ ੪ ਮਾਘ ੧੯੨੮ ਨੂੰ ਪ੍ਰਾਤਹਕਾਲ ਹੀ ਢਾਬੀ ਦਰਵਾਜ਼ੇ ਵਲੋਂ ਅੰਦਰ ਵੜ ਕੇ ਹੱਲਾ ਕਰ ਦਿੱਤਾ ਅਤੇ ਸ੍ਰ: ਹੀਰਾ ਸਿੰਘ ਜੀ ਨੇ ਘੋੜੀ ਤੇ ਸਵਾਰ ਅੰਦਰ ਵੜਦਿਆਂ ਹੀ ਗਰਜ ਕੇ ਆਖਿਆ

ਓਏ ਸੂਰਮਿਓ

ਅਬ ਜੂਝਨ ਕੋ ਦਾਉ

ਖ਼ਬਰਦਾਰ !

ਮਰਨੇ ਤੇ ਕਿਆ ਡਰਪਨਾ, ਜਬ ਹਾਥਿ ਸਿਧਉਰਾ ਲੀਨ

ਹੁਕਮ ਮਿਲਦਿਆਂ ਸਾਰ ਹੀ ਸਾਰੇ ਸਿੰਘ ਮਲੇਰ ਕੋਟਲੀਆਂ ਤੇ ਟੁੱਟ ਕੇ ਪੈ ਗਏ

ਕੋਤਵਾਲੀ ਚੌਂਕ ਵਿਚ ਡੱਟ ਕੇ ਲੜਾਈ ਹੋਈ । ਸੂਰਮੇ ਮਾਰ ਦਿਓ, ਮਾਰ ਦਿਓ ਆਖ ਆਖ ਕੇ ਲੜ ਰਹੇ ਸਨ, ਅਥਵਾ

ਦਿਲ ਵਿਚਿ ਰੋਹ ਬਢਾਇ ਕੈ ਮਾਰ ਮਾਰ ਪੁਕਾਰੇ

ਫਿਰ ਕੀ ਹੋਇਆ ?

ਦੁਹਾਂ ਕੰਧਾਰਾਂ ਮੁਹਿ ਜੁੜੇ ਅਣੀਆਂ ਰੱਚੋਈਆਂ
ਧੂਹਿ ਕ੍ਰਿਪਾਣਾ ਤਿੱਖੀਆਂ ਨਾਲਿ ਲੋਹੂ ਧੋਈਆਂ

ਸਿਖ ਗਿਣਤੀ ਵਿਚ ਭਾਵੇਂ ਬਹੁਤ ਥੋੜੇ ਸਨ ਪਰ ਐਸੀ ਬਹਾਦਰੀ ਨਾਲ ਲੜੇ ਕਿ ਗਿਆਨੀ ਗਿਆਨੀ ਜੀ ਇਹ ਲਿਖਣ ਲਈ ਮਜਬੂਰ ਹੋ ਗਏ

ਕੋਟਲੇ ਕੀ ਤੁਰਕਾਨੀ ਤੈ ਪਠਾਨੀ ਫੌਜ ਸਭਿ,
ਸਿੰਘਨ ਸੈਂ ਲਰੀ, ਇਨੈ ਮਾਰ ਕੈ ਹਟਾਈਆਂ ।

ਲੜਾਈ ਵਿਚ ਕੋਤਵਾਲ ਅਹਿਮਦ ਖਾਂ ਅਤੇ ਸੱਤ ਸਿਪਾਹੀ ਮਾਰੇ ਗਏ ਅਤੇ ਬਹੁਤ ਸਾਰੇ ਸੀ ਹੋਏ । ਸਿੰਘਾਂ ਵਿਚੋਂ ਵੀ ਅੱਠ ਸਿੰਘ ਸ਼ਹੀਦ ਹੋ ਗਏ । ਮਲੇਰ ਕੋਟਲੀਏ ਮੈਦਾਨ ਛਡ ਕੇ ਤੋਬਾ ਤੋਬਾ ਕਰ ਕੇ ਨੱਸ ਭੱਜ ਗਏ । ਦਿਨ ਚੜ੍ਹੇ ਸਿੰਘ ਜੈਕਾਰੇ ਗਜਾਉਂਦੇ ਹੋਏ ਸ਼ਹਿਰੋਂ ਬਾਹਰ ਨਿਕਲ ਕੇ ਪਿੰਡ ਰੜ ਨੂੰ ਟੁਰ ਪਏ । ਪਤਾ ਲਗਣ ਤੇ ਪੁਲੀਸ ਵੀ ਪਿਛੇ ਆ ਰਹੀ ਸੀ ਪਿੰਡ ਰੁੜਨ ਦੇ ਕੋਲ ਹਥੋਂ ਹਥੀਂ ਲੜਾਈ ਹੋਈ । ਹੈਂਕੜਬਾਜ ਸਮੁੰਦ ਖਾਨ ਨੇ ਸ੍ਰ: ਹੀਰਾ ਸਿੰਘ ਨੂੰ ਲਲਕਾਰਿਆ । ਸ੍ਰ: ਹੀਰਾ ਸਿੰਘ ਸਾਮ੍ਹਣੇ ਆਇਆ ਅਤੇ

ਮਲੇਰ ਕੋਟਲੇ ਹਮਲੇ ਦੀ ਫੈਸਲਾਕੁਨ ਲੜਾਈ



ਮਲੇਰ ਕੋਟਲਾ ਸ਼ੈਹਰ ਦੀ ਲੜਾਈ ਤੋਂ ਬਾਦ ਸਮੁੰਦਖਾਨ ਅਤੇ ਸਰਦਾਰ ਹੀਰਾ ਸਿੰਘ ।

ਕਹਿਆ ਪਠਾਣਾਂ । ਪਹਿਲਾਂ ਵਾਰ ਤੂੰ ਕਰ ਲੈ
ਪਠਾਣ ਨੇ ਵਾਰ ਕੀਤਾ । ਸਰਦਾਰ ਹੀਰਾ ਸਿੰਘ ਦੇ ਕੋਲ ਢਾਲ ਨ ਹੋਣ ਕਰਕੇ ਉਸ ਨੇ ਆਪਣੀ ਖੱਬੀ ਬਾਂਹ ਅਗੇ ਕਰ ਦਿੱਤੀ ਹੱਥ ਕਟਿਆ ਗਿਆ, ਪਰ ਇਸ ਦੇ ਨਾਲ ਹੀ ਸਰਦਾਰ ਨੇ ਰੋਹ ਵਿਚ ਆ ਕੇ ਐਸੀ ਫੁਰਤੀ ਨਾਲ ਵਾਰ ਕੀਤਾ ਕਿ ਸਮੁੰਦ ਖਾਂ ਦਾ ਸਿਰ ਧੜ ਨਾਲੋਂ ਵਖ ਹੋ ਕੇ ਧਰਤੀ ਤੇ ਜਾ ਡਿੱਗਾ । ਸਿਰ ਦੇ ਡਿਗਣ ਨਾਲ ਹੀ ਤੁਰਕ ਭੱਜ ਗਏ

ਫਿਰ ਇਹ ਸਿੰਘ ਟੁਰਦੇ ਟੁਰਦੇ ਪਿੰਡ ਰੜ ਪਹੁੰਚ ਗਏ । ਇਥੇ ਸ੍ਰ: ਹੀਰਾ ਸਿੰਘ ਜੀ ਨੇ ਬਰਛੀ ਗਾੜ ਕੇ ਆਖਿਆ ਕਿ ਭਾਈ ਸਾਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਇੰਨਾ ਹੀ ਹੁਕਮ ਸੀ । ਉਹ ਗੁਰੂ ਜੀ ਦੀ ਕਿਰਪਾ ਨਾਲ ਪੂਰਾ ਹੋ ਗਿਆ ਹੈ । ਹੁਣ ਤਾਂ ਸਰਕਾਰ ਦੇ ਘਰ ਤਰਥੱਲੀ ਮਚਣੀ ਹੈ ਅਤੇ ਸਾਨੂੰ ਮੌਤ ਦੀ ਸਜ਼ਾ ਮਿਲਣੀ ਹੈ । ਸਾਡੇ ਵਿਚੋਂ ਜਿਹੜਾ ਮੌਤ ਤੋਂ ਡਰਦਾ ਹੈ ਉਹ ਬੇਸ਼ਕ ਅਪਣੇ ਘਰ ਜਾ ਸਕਦਾ ਹੈ

ਜਥੇਦਾਰ ਦਾ ਬਚਨ ਸੁਣ ਕੇ ਕਈ ਸਿਖ ਖਿਸਕ ਗਏ । ਇਥੇ ਹੀ ਦੋ ਜਟ ਦਾਤੀਆਂ ਲੈ ਕੇ ਜਥੇ ਨਾਲ ਆ ਰਲੇ ਸਨ । ਹੁਣ ਬਾਕੀ ਰਹੇ ਸਿਖਾਂ ਦੀ ਗਿਣਤੀ ੭੦ ਸੀ (70) ਜਿਨ੍ਹਾਂ ਵਿਚ ੨ ਮਾਈਆਂ ਸਨ

ਸਲਾਹ ਕਰ ਕੇ ਇਹ ਸਾਰੇ ਸੇਰਪੁਰ ਦੇ ਠਾਣੇ ਵਲ ਨੂੰ ਤੁਰ ਪਏ । ਸੂਹ ਮਿਲਣ ਤੇ ਸੇਰਪੁਰ ਦਾ ਠਾਣੇਦਾਰ ਵੀ ਕੁਝ ਸਿਪਾਹੀ ਨਾਲ ਲੈ ਕੇ ਇਨ੍ਹਾਂ ਵਲ ਆ ਰਿਹਾ ਸੀ । ਫਿਰ ਇਹ ਸਾਰੇ ਸਿਖ ਠਾਣੇਦਾਰ ਦੇ ਨਾਲ ਜਾ ਕੇ ਸ਼ੇਰਪੁਰ ਦੇ ਗੜ੍ਹੀ ਵਿਚ ਜਾ ਵੜੇ । ਇਸ ਤਰ੍ਹਾਂ ਇਹ ਸਾਰੇ ਗਿਰਫਤਾਰ ਹੋ ਗਏ

ਹੁਣ ਸਰਕਾਰੀ ਦਫਤਰਾਂ ਵਿਚ ਤਾਰਾਂ ਖੜਕ ਗਈਆਂ ਸਭ ਥਾਂਈਂ ਹਫੜਾ ਦਫੜੀ ਮਚ ਗਈ । ਡਿਪਟੀ ਕਮਿਸ਼ਨਰ ਮਿਸਟਰ ਕਾਵਨ ਪਹਿਲਾਂ ਹੀ ਕੂਕਿਆਂ ਦਾ ਕੱਟੜ ਵੈਰੀ ਸੀ ਉਹ ਆਪ ਮਲੇਰ ਕੋਟਲੇ ਪਹੁੰਚਿਆ
ਸ੍ਰੀ ਸਵਰਨ ਸਿੰਘ ਜੀ ਲਿਖਦੇ

ਵਿਚ ਕੋਟਲੇ ਪਹੁੰਚ ਕੇ, ਗੱਲ ਸੁਣ ਕੇ ਸਾਰੀ ।
ਦਿਲ ਉਹਦਾ ਇਉਂ ਦੁਖਿਆ, ਜਿਉਂ ਵਢਿਆ ਆਰੀ ।
ਨ ਗਲ ਪੁਛੀ ਕਿਸੇ ਤੋਂ, ਨਾ ਆਪ ਵਿਚਾਰੀ ।
ਤੋਪਾਂ ਨਾਲ ਉਡਾਉਣ ਦੀ, ਉਸ ਨੀਅਤ ਧਾਰੀ ।
ਪੱਕੇ ਕਰ ਨ ਸਕਿਆ, ਕਾਗਜ਼ ਸਰਕਾਰੀ ।

ਕਾਵਨ ਲੋਕਾਂ ਵਿਚ ਡਰ ਅਤੇ ਦਹਿਸ਼ਤ ਫੈਲਾਉਣ ਵਾਸਤੇ ਇਨ੍ਹਾਂ ਸਿੰਘਾਂ ਨੂੰ ਕਰੜੀ ਸਜ਼ਾ ਦੇਣੀ ਚਾਹੁੰਦਾ ਸੀ । ਉਸ ਨੇ ਨ ਸਿਖਾਂ ਦੇ ਬਿਆਨ ਲਏ ਅਤੇ ਨ ਹੋਰ ਸਰਕਾਰੀ ਕਾਰਵਾਈ ਪੂਰੀ ਕੀਤੀ, ਝਟ ਸਿੰਘਾਂ ਨੂੰ ਤੋਪਾਂ ਨਾਲ ਉਡਾਉਣ ਦਾ ਹੁਕਮ ਦੇ ਦਿੱਤਾ

ਇਹ 17 ਜਨਵਰੀ ਦਾ ਦਿਨ ਸੀ। ਕਾਵਨ ਦੇ ਹੁਕਮ ਨਾਲ ਨਾਭੇ ਅਤੇ ਪਟਿਆਲੇ ਤੋਂ ਫੌਜਾਂ ਪਹੁੰਚ ਗਈਆਂ। ਮਲੇਰ ਕੋਟਲੇ ਦੇ ਪੈਰੇਡ ਮੈਦਾਨ (PARADE GROUND) ਵਿਚ ਨੌ ਤੋਪਾਂ ਬੀੜੀਆਂ ਗਈਆਂ। ਸੱਤ ਤੋਪਾਂ ਤਾਂ ਸਿਖਾਂ ਨੂੰ ਉਡਾਉਣ ਵਾਸਤੇ ਸਨ ਅਤੇ ਦੋ ਤੋਪਾਂ ਰਾਖਵੀਆਂ ਸਨ ਭਾਵ ਜਨਤਾ ਤੇ ਕੰਟਰੋਲ ਰਖਣ ਵਾਸਤੇ ਸਨ। ਫਿਰ ਗ੍ਰਿਫਤਾਰ ਕੀਤੇ ਹੋਇ ਸਿਖਾਂ ਨੂੰ ਲਿਆਂਦਾ ਗਿਆ ਅਤੇ ਪੁਲੀਸ ਦੇ ਭਾਰੀ ਪਹਿਰੇ ਹੇਠ ਇਕ ਪਾਸੇ ਬੈਠਾਇਆ ਗਿਆ। ਇਥੇ ਕੋਲ ਹੀ ਇਕ ਪਾਣੀ ਦਾ ਛਪੜ ਸੀ। ਸਿਖਾਂ ਨੇ ਇਥੇ ਇਸ਼ਨਾਨ ਕਰ ਲਿਆ

ਕਾਵਨ ਦੇ ਹੁਕਮ ਨਾਲ ਸਭ ਤੋਂ ਪਹਿਲਾਂ ਸ੍ਰ: ਹੀਰਾ ਸਿੰਘ ਜੀ, ਸ੍ਰ: ਲਹਿਣਾ ਸਿੰਘ ਜੀ ਅਤੇ 5 ਹੋਰ ਸਿਖ ਸੱਤਾਂ ਤੋਪਾਂ ਅਗੇ ਇਕ ਇਕ ਕਰ ਕੇ ਖੜੋ ਗਏ

ਕਾਵਨ ਨੇ ਪਿਠ ਕਰ ਕੇ ਬੈਠਣ ਦਾ ਹੁਕਮ ਕੀਤਾ ਪਰ ਹੀਰਾ ਸਿੰਘ ਜੀ ਨੇ ਕਹਿਆ ਸਿਖ ਪਿਠ ਨਹੀਂ ਕਰਨਗੇ ਅਤੇ ਨ ਹੀ ਭੱਜਣਗੇ ਅਸੀਂ ਸਨਮੁਖ ਹੋ ਕੇ ਸ਼ਹੀਦ ਹੋਵਾਂਗੇ। ਫਿਰ ਸੱਤੇ ਸਿਖ ਡਟ ਕੇ ਖੜੋ ਗਏ। ਤੋਪ ਚਲਾਈ ਗਈ, ਪਰ ਨ ਚਲੀ ਪਲੀਤਾ ਚਟ ਗਈ, ਦੂਜੀ ਵਾਰ ਵੀ ਨ ਚਲੀ, ਤੀਜੀ ਵਾਰ ਵੀ ਨ ਚਲੀ

ਸ੍ਰ: ਹੀਰਾ ਸਿੰਘ ਜੀ ਨੇ ਕਹਿਆ ਕਿ ਅਸਾਂ ਤੈਨੂੰ ਝੂਠਿਆਂ ਕਰਨਾ ਸੀ। ਬਿਲਿਆ ਤੇਰਾ ਕਾਨੂੰਨ ਹੈ ਕਿ ਜੇ ਤਿੰਨ ਵਾਰ ਤੋਪ ਨ ਚਲੇ ਤਾਂ ਮੁਜਰਮ ਨੂੰ ਛੱਡ ਦੇਣਾ ਚਾਹੀਦਾ ਹੈ। ਤੇਰੇ ਕਾਨੂੰਨ ਮੁਤਾਬਕ ਸਾਡੀ ਰਿਹਾਈ ਦਾ ਹੱਕ ਹੈ ਪਰ ਅਸੀਂ ਤਾਂ ਆਏ ਹੀ ਸ਼ਹੀਦ ਹੋਣ ਵਾਸਤੇ ਹਾਂ ਕਿਉਂਜੋ

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ

ਜਾਹ ਤੋਪ ਚਲਾ, ਹੁਣ ਚਲੇਗੀ ਜਦੋਂ ਚੌਥੀ ਵਾਰ ਤੋਪ ਚਲਾਈ ਗਈ ਤਾਂ ਤੋਪ ਦੇ ਚਲਣ ਨਾਲ ਸ੍ਰ: ਹੀਰਾ ਸਿੰਘ ਜੀ ਦੀ ਆਤਮਾ ਸਤਿਗੁਰੂ ਜੀ ਦੇ ਚਰਨਾਂ ਵਿਚ ਪਹੁੰਚ ਗਈ। ਇਸ ਤਰਾਂ ਇਕ ਕਵੀ ਦੀ ਕਲਮ ਰਾਹੀਂ ਉਨ੍ਹਾਂ ਦੀ ਇਹ ਤਮੰਨਾ ਪੂਰੀ ਹੋ ਗਈ

ਮੇਰੀ ਇਕੋ ਤਮੰਨਾ ਅਖੀਰ ਦੀ ਏ
ਤੋਪ ਵਲ ਮੈਨੂੰ ਮੂੰਹ ਕਰਨ ਦੇਵੇ
ਮੌਤ ਰਾਣੀ ਦੇ ਘੁੰਡ ਨੂੰ ਚੁਕ ਦੇਵੇ
ਨੰਗੇ ਮੂੰਹ ਮੈਨੂੰ ਇਹਨੂੰ ਵਰਨ ਦੇਵੇ

ਇਸੇ ਤਰਾਂ ਇਹ ਸੱਤੇ ਸਿੰਘ ਸ਼ਹੀਦ ਹੋ ਗਏ। ਫਿਰ ਵਾਰੀ ਵਾਰੀ ਸੱਤ ਸੱਤ ਸਿੰਘ ਸੱਤਾਂ ਤੋਪਾਂ ਅਗੇ ਖੜੋ ਕੇ ਸੂਰਮਿਆਂ ਵਾਂਙੂ ਸ਼ਹੀਦ ਹੁੰਦੇ ਗਏ ਅਤੇ ਉਨ੍ਹਾਂ ਦੀਆਂ ਆਤਮਾ ਸਤਿਗੁਰੂ ਜੀ ਦੇ ਚਰਨਾਂ ਵਿਚ ਪਹੁੰਚ ਗਈ

ਇਸ ਜਥੇ ਵਿਚ ਇਕ ਸਿਖ ਸ: ਵਰਿਆਮ ਸਿੰਘ ਸੀ । ਇਹ ਕਦ ਦਾ ਮਧਰਾ ਸੀ । ਇਹ ਦੂਰੋਂ ਰਾਜੇ ਪਟਿਆਲੇ ਦਾ ਭਾਈ ਲਗਦਾ ਸੀ ਰਾਜੇ ਵਲੋਂ ਸਫਾਰਸ਼ ਆਈ ਹੋਈ ਸੀ ਕਿ ਇਹ ਨਾਮਧਾਰੀ ਨਹੀਂ ਉਂਝੇ ਹੀ ਇਸ ਜਥੇ ਵਿਚ ਜਾ ਰਲਿਆ ਹੈ । ਅਸੀਂ ਇਹਨੂੰ ਸਮਝਾ ਲਵਾਂਗੇ ਹਲੀ ਇਹਨੂੰ ਕਿਸੇ ਤਰਾਂ ਬਚਾਇਆ ਜਾਏ । ਤੋਪਚੀ ਤਕ ਇਹ ਗਲ ਪਹੁੰਚ ਗਈ । ਉਸਨੇ ਇਸਨੂੰ ਛੱਡ ਦੇਣ ਲਈ ਇਕ ਬਹਾਨਾ ਬਣਾਇਆ ਅਤੇ ਕਹਿਆ ਕਿ ਇਸ ਦਾ ਕਦ ਛੋਟਾ ਹੈ ਤੋਪ ਦੀ ਸ਼ਿਸਤ ਪੂਰੀ ਨਹੀਂ ਬੱਝਦੀ । ਸਰਦਾਰ ਵਰਿਆਮ ਸਿੰਘ ਜੀ ਨੂੰ ਆਖਿਆ ਗਿਆ ਕਿ ਤੁਹਾਡਾ ਕਦ ਛੋਟਾ ਹੋਣ ਕਰਕੇ ਤੋਪ ਦੀ ਸ਼ਿਸਤ ਨਹੀ ਬੱਝਦੀ ਇਸ ਲਈ ਇਕ ਪਾਸੇ ਹੋ ਜਾਓ । ਸਰਦਾਰ ਜੀ ਨੂੰ ਪਛਤਾਵਾ ਲਗਾ ਕਿ ਇਕ ਤਾਂ ਸਾਥ ਤੋਂ ਨਿਖੜਨਾ ਪੈ ਰਿਹਾ ਹੈ ਅਤੇ ਦੂਜਾ ਧਰਮ ਹੇਤ ਸ਼ਹੀਦ ਹੋਣ ਤੋਂ ਵਾਂਝਿਆ ਰਖਿਆ ਜਾ ਰਿਹਾ ਹੈ । ਹੱਲੀ ਇਹ ਸੋਚਦੇ ਹੀ ਸਨ ਕਿ ਉਨ੍ਹਾਂ ਦੀ ਨਜ਼ਰ ਕੋਲ ਪਈਆਂ ਢੀਮਾਂ ਤੇ ਪੈ ਗਈ । ਢੀਮਾਂ ਇਕੱਠੀਆਂ ਕਰ ਕੇ ਇਕ ਛੋਟੀ ਜੇਹੀ ਥੜੀ ਬਣ ਕੇ ਉਪਰ ਖਲੋ ਕੇ ਲਲਕਾਰ ਕੇ ਆਖਿਆ ਹੁਣ ਤਾਂ ਸ਼ਿਸਤ ਠੀਕ ਬਝ ਸਕਦੀ ਹੋਵੇਗੀ । ਬੋਲਿਆ । **ਮੋਹਿ ਮਰਨੇ ਕਾ ਚਾਉ ਹੈ** ਜਲਦੀ ਕਰ ਤੋਪ ਚਲਾ ਮੇਰਾ ਸਾਥ ਜਾ ਰਿਹਾ ਹੈ । ਇਸ ਤਰਾਂ ਇਹ ਸਰਦਾਰ ਜੀ ਹੱਸ ਹੱਸ ਕੇ ਸ਼ਹੀਦ ਹੋਏ ਅਤੇ **ਮੌਤ ਬਾਜ਼ਾਰਾਂ ਈਦ ਅਸਤ** ਨੂੰ ਪਰਵਾਨ ਕੀਤਾ

ਇਸ ਤਰਾਂ ਸਾਰੇ ਸਿਖ ਬੜੀ ਬਹਾਦਰੀ ਨਾਲ ਮੌਤ ਨੂੰ ਟਿਚਕਰਾਂ ਕਰਦੇ ਹੋਏ ਅਤੇ ਅੰਗਰੇਜ਼ੀ ਰਾਜ ਨੂੰ ਫਿਟਕਾਰਦੇ ਹੋਏ ਸ਼ਹੀਦ ਹੋ ਰਹੇ ਸਨ

ਇਸ ਜਥੇ ਵਿਚ ਇਕ ਸਿਖ ਸੰਤ ਬਿਸ਼ਨ ਸਿੰਘ ਜੀ ਵੀ ਸਨ । ਉਨ੍ਹਾਂ ਦੀ ਉਮਰ ਤਕਰੀਬਨ ੧੨ ਸਾਲ ਦੀ ਸੀ । ਇਹ ਰਿਆਸਤ ਪਟਿਆਲੇ ਦੇ ਇਕ ਛੋਟੇ ਜਿਹੇ ਪਿੰਡ ਰੜ ਵਿਚ ਰਹਿਣ ਵਾਲੇ ਇਕ ਕਿਸਾਨ ਸੰਤ ਸੁੱਧਾ ਸਿੰਘ ਜੀ ਅਤੇ ਬੀਬੀ ਸੰਤੀ ਜੀ ਦੇ ਇਕਲੌਤੇ ਪੁੱਤਰ ਸੰਨ । ਇਹ ਪਿੰਡ ਦੀ ਧਰਮਸਾਲਾ ਵਿਚ ਗ੍ਰੰਥੀ ਕੋਲ ਪੜ੍ਹਦੇ ਸਨ ਉਥੇ ਹੋਰ ਵੀ ਕਈ ਬੱਚੇ ਪੜ੍ਹਦੇ ਸਨ । ਜਦੋਂ ਕੂਕੂ ਸਿਖਾਂ ਦਾ ਜਥਾ ਰਾਤ ਕੱਟਣ ਲਈ ਰੜ ਪਿੰਡ ਵਿਚ ਇਸ ਧਰਮ ਸਾਲੇ ਠਹਿਰਿਆ ਸੀ ਤਾਂ ਜਥੇਦਾਰ ਨੇ ਗ੍ਰੰਥੀ ਜੀ ਨੂੰ ਦਸਿਆ ਕਿ ਮਲੇਰ ਕੋਟਲੇ ਮੁਸਲਮਾਨ ਗਊਆਂ ਬੜੀਆਂ ਮਾਰਦੇ ਹਨ । ਅਸੀਂ ਅੰਗਰੇਜ਼ਾਂ ਦੀ ਸ਼ਹਿ ਤੇ ਭੂਤੇ ਹੋਏ ਮੁਸਲਮਾਨਾਂ ਨੂੰ ਸੋਧਣ ਲਈ ਮਲੇਰ ਕੋਟਲੇ ਜਾ ਰਹੇ ਹਾਂ । ਜਥੇਦਾਰ ਜੀ ਅਤੇ ਗ੍ਰੰਥੀ ਜੀ ਦੀਆਂ ਸਾਰੀਆਂ ਗਲਾਂ ਬਾਲਕ ਸੰਤ ਬਿਸ਼ਨ ਸਿੰਘ ਜੀ ਬੜੇ ਧਿਆਨ ਨਾਲ ਸੁਣ ਰਹੇ ਸਨ । ਭਾਵੇਂ ਹੱਲੀ ਬਾਲਕ ਹੀ ਸਨ ਪਰ ਗਲ ਸਮਝਣ ਦੀ ਸੂਝ ਕਮਾਲ ਦੀ ਰਖਦੇ ਸਨ ਇਸੇ ਲਈ

ਨਾਲੀ ਗਿਠ ਗਿਠ ਚੜ੍ਹ ਗਈ ਖਾਲਸੇ ਨੂੰ
ਸੁਣਦੇ ਸਾਰੇ ਹੀ ਕਿੱਸਾ ਹੈਰਾਨੀਆਂ ਦਾ

ਅਗਲੀ ਸਵੇਰ ਜਦੋਂ ਜਥਾ ਟੁਰਨ ਲਗਾ ਤਾਂ ਸੰਤ ਬਿਸ਼ਨ ਸਿੰਘ ਜੀ ਵੀ ਅਪਣੇ ਮਾਤਾ ਪਿਤਾ ਨੂੰ ਦੱਸੇ ਬਿਨਾ ਹੀ ਜਥੇ ਨਾਲ ਟੁਰ ਪਏ। ਜਥੇਦਾਰ ਜੀ ਨੇ ਬਾਲਕ ਸਮਝ ਕੇ ਬੜਾ ਵਰਜਿਆ ਪਰ ਸੰਤ ਜੀ ਨੇ ਆਖਿਆ

"ਮੇਰੇ ਡੌਲਿਆਂ ਵਿਚ ਖੂਨ ਚਾਂਗਾ, ਮੈਨੂੰ ਜਾਣੀ ਨ ਉਮਰ ਦਾ ਹਾਂ ਕਚਾ"

ਇਸ ਤਰਾਂ ਦੇ ਕਈ ਬਚਨ ਕਰਕੇ ਅਤੇ ਬੜੀਆਂ ਮਿੰਨਤਾਂ ਕਰਕੇ ਨਾਲ ਜਾਣ ਲਈ ਰਜ਼ਾਮੰਦ ਕਰ ਲਿਆ

ਮਲੇਰ ਕੋਟਲੇ ਹਮਲਾ ਕਰਨ ਪਿਛੋਂ ਜਦੋਂ ਸਿਖਾਂ ਨੂੰ ਤੋਪਾਂ ਨਾਲ ਉਡਾਉਣ ਲੱਗੇ ਤਾਂ ਕਾਵਨ ਦੀ ਮੇਮ ਨੂੰ ਇਸ ਛੋਟੇ ਬੱਚੇ ਤੇ ਤਰਸ ਆਇਆ ਅਤੇ ਇਸ ਦੀ ਰਿਹਾਈ ਵਾਸਤੇ ਸਫਾਰਸ਼ ਕੀਤੀ। ਕਾਵਨ ਜਾਣਦਾ ਸੀ ਕਿ ਸ਼ੇਰ ਦਾ ਬੱਚਾ ਭਾਵੇਂ ਛੋਟਾ ਹੀ ਕਿਉਂ ਨ ਹੋਵੇ ਪਰ ਹੁੰਦਾ ਤਾਂ ਸ਼ੇਰ ਹੀ ਹੈ। ਉਸ ਨੇ ਅਪਣੀ ਮੇਮ ਨੂੰ ਕਿਹਾ ਕਿ ਕਿਸੇ ਦਿਨ ਇਹ ਵੀ ਵੱਡਾ ਹੋਵੇਗਾ ਹੀ ਨ, ਫਿਰ ਜੁ ਵਡਾ ਹੋ ਕੇ ਕੋਈ ਨ ਕੋਈ ਉਪੱਦਰ ਮਚਾਵੇ ਗਾ ਕਿਉਂ ਨ ਹੁਣੇ ਹੀ ਇਸ ਨੂੰ ਲੇਖੇ ਲਾਇਆ ਜਾਏ। ਜਦੋਂ ਮੇਮ ਨੇ ਹੱਠ ਕੀਤਾ ਤਾਂ ਕਾਵਨ ਨੇ ਕਿਹਾ ਕਿ ਇਹ ਬੱਚਾ ਜੇ ਆਖ ਦੇਵੇ ਕਿ ਮੈਂ ਸਤਿਗੁਰੂ ਰਾਮ ਸਿੰਘ ਦਾ ਸਿਖ ਨਹੀ ਤਾਂ ਇਸ ਨੂੰ ਛੱਡ ਦਿੱਤਾ ਜਾ ਸਕੀਦਾ ਹੈ

ਪਤਾ ਲਗਣ ਤੇ ਸੰਤ ਬਿਸ਼ਨ ਸਿੰਘ ਜੀ ਨੇ ਬਹਾਨੇ ਨਾਲ ਕਾਵਨ ਨੂੰ ਝੁਕ ਕੇ ਕੰਨ ਵਿਚ ਕੁਝ ਸੁਨਣ ਲਈ ਆਖਿਆ। ਜਿਉਂ ਹੀ ਕਾਵਨ ਝੁਕਿਆ ਸੰਤ ਜੀ ਨੇ ਉਸ ਦੀ ਦਾੜ੍ਹੀ ਨੂੰ ਚੰਗੀ ਤਰਾਂ ਕੱਸ ਕੇ ਫੜ ਕੇ ਝੰਜੋੜਿਆ ਅਤੇ ਆਖਿਆ ਕਿ ਤੂੰ ਕਹਿੰਦਾ ਹੈਂ ਕਿ ਮੈਂ ਸਤਿਗੁਰੂ ਰਾਮ ਸਿੰਘ ਜੀ ਦੇ ਸਿਖ ਹੋਣ ਤੋਂ ਨਾਹ ਕਰ ਦਿਆਂ

ਖਬਰਦਾਰ! ਮੈਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਿਖ ਹਾਂ, ਜੋ ਮਰਜੀ ਹਈ ਕਰ ਲੈ



ਸੰਤ ਜੀ ਨੇ ਦਾੜ੍ਹੀ ਉਦੋਂ ਤਕ ਨ ਛਡੀ ਜਦੋਂ ਤਕ ਕੋਲ ਖਲੋਤੇ ਸਿਪਾਹੀਆਂ ਨੇ ਦੋਵੇਂ ਹਥ ਤਲਵਾਰ ਨਾਲ ਕਟ ਕੇ ਸ਼ਹੀਦ ਨ ਕਰ ਦਿੱਤਾ

ਸੰਤ ਬਿਸ਼ਨ ਸਿੰਘ ਜੀ ਸ਼ਹੀਦ ਹੋ ਗਏ ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿਖ ਹੋਣ ਤੋਂ ਮੁਨਕਰ ਨ ਹੋਏ

NO. 31
DATE

ਸੰਤ ਚਿਸ਼ਨ ਸਿੰਘ ਜੀ ਦੀ ਸ਼ਹੀਦੀ

(ਮਿਸਟਰ ਕਾਵਨ ਦੀ)

ਲੰਮੀ ਦਾੜ੍ਹੀ ਨੂੰ ਪਾਇਕੇ ਹਥ ਦੋਵੇਂ,
ਝਟਕਾ ਮਾਰ ਕੇ ਖੂਬ ਹਿਲਾ ਦਿੱਤੀ।

ਮੂੜ੍ਹ ਆਖੀਂ ਨ ਮੈਨੂੰ ਮੈਂ ਸਿਖ ਨਾਹੀ,
ਗਰਜ ਸ਼ੇਰ ਨੇ ਜਾਨ ਮੁਕਾ ਦਿੱਤੀ।

ਪਾਸ ਖੜ੍ਹੇ ਸਨ ਕਾਵਨ ਦੇ ਨੌਕਰਾਂ ਨੇ,
ਹਾਲ ਵੇਖ ਤਲਵਾਰ ਚਲਾ ਦਿੱਤੀ।

ਛੱਡੇ ਹੱਥ ਪਿਛੋਂ, ਪਹਿਲੋ ਸੂਰਮੇ ਨੇ,
ਸੋਹਣੀ ਜਿੰਦੜੀ ਘੋਲ ਘੁਮਾ ਦਿੱਤੀ।

(ਸੰਤ ਤਰਨ ਸਿੰਘ ਜੀ)
(ਵਹਿਮੀ)

ਗਲਤੀਆਂ ਦੀ ਖਿਮਾ
ਦਾ ਜਾਚਕ
ਸੰਤੋਖ ਸਿੰਘ ਨਾਮਧਾਰੀ

੧੭ ਜਨਵਰੀ ੧੮੭੨ ਨੂੰ ੪੯ ਸਿਖ ਤੋਪਾਂ ਨਾਲ ਉਡਾਏ ਗਏ ਅਤੇ ੧੮ ਜਨਵਰੀ ਨੂੰ ੧੬ ਸਿਖ ਤੋਪਾਂ ਨਾਲ ਉਡਾਏ ਗਏ ਭਾਵ ਦੁਹਾਂ ਦਿਨਾਂ ਵਿਚ ੬੫ ਸਿਖ ਤੋਪਾਂ ਨਾਲ ਉਡਾਏ ਗਏ ਅਤੇ ਇਕ ਤਲਵਾਰ ਨਾਲ ਸ਼ਹੀਦ ਕੀਤਾ ਗਿਆ । ਮਲੇਰ ਕੋਟਲੇ ਵਾਲੇ ਸਾਕੇ ਵਿਚ ਸ਼ਹੀਦ ਹੋਏ ਸਿਖਾਂ ਦਾ ਵੇਰਵਾ ਇਸ ਤਰ੍ਹਾਂ ਹੈ

ਮਲੌਦ ਵਿਚ ਲੜਾਈ ਵਿਚ ਸ਼ਹੀਦ	੨ ਸਿਖ	2
ਮਲੌਦ ਵਿਚ ਲੜਾਈ ਕਰਨ ਵਾਲਿਆਂ ਨੂੰ ਉਮਰ ਕੈਦ ਤੇ ਦੇਸ਼ ਨਿਕਾਲੇ ਦੀ ਸਜ਼ਾ	੪ ਸਿਖ	4
ਮਲੇਰ ਕੋਟਲੇ ਲੜਾਈ ਵਿਚ ਸ਼ਹੀਦ	੮ ਸਿਖ	8
" " ਤੋਪਾਂ ਨਾਲ ਉਡਾਏ ਗਏ	੬੫ ਸਿਖ	65
" " ਤਲਵਾਰ ਨਾਲ ਸ਼ਹੀਦ ਕੀਤਾ ਗਿਆ	੧ ਸਿਖ	1
ਕੁਲ	੮੦ ਸਿਖ	

ਦੋ ਮਾਈਆਂ ਨੂੰ ਤੋਪ ਅੱਗੇ ਨ ਉਡਾਇਆ ਗਿਆ ਉਨ੍ਹਾਂ ਨੂੰ ਬਹਾਦਰ ਗੜ੍ਹ (ਰਿਆਸਤ ਪਟਿਆਲਾ) ਕਿਲ੍ਹੇ ਵਿਚ ਬੰਦ ਰਖਣ ਦਾ ਹੁਕਮ ਦਿੱਤਾ ਗਿਆ ਕੁਝ ਚਿਰ ਪਿਛੋਂ ਇਹ ਰਿਹਾ ਕੀਤੀਆਂ ਗਈਆਂ ਫਿਰ ਇਹ ਸ੍ਰੀ ਭੈਣੀ ਸਾਹਿਬ ਆ ਗਈਆਂ

ਭਾਵੇਂ ਉਸ ਸਮੇਂ ਅੰਗਰੇਜ਼ਾਂ ਦੇ ਖਿਲਾਫ ਜਾਂ ਇਨ੍ਹਾਂ ਸ਼ਹੀਦਾਂ ਦੀ ਸੂਰਬੀਰਤਾ ਬਾਰੇ ਲਿਖਣਾ ਅਪਣੀ ਮੌਤ ਨੂੰ ਸੱਦਾ ਦੇਣਾ ਹੀ ਸੀ ਪਰ

ਸਚਾਈ ਛੁਪ ਨਹੀਂ ਸਕਤੀ ਬਨਾਵਟ ਕੇ ਅਸੂਲੋਂ ਸੇ

ਅੰਗਰੇਜ਼ਾਂ ਵਿਚੋਂ ਹੀ ਇਕ ਅੰਗਰੇਜ ਲਿਖਦਾ ਹੈ

ਸਾਰਾ ਯੋਰਪ ਏਕ ਈਸਾ ਪਰ ਗਰਵ ਕਰਤਾ ਹੈ, ਮੈਂਨੇ ਆਜ ਕਈ ਈਸੇ ਬਲੀਦਾਨ ਹੋਤੇ ਦੇਖੇ ਹੈਂ

ਗਿਆਨੀ ਗਿਆਨ ਸਿੰਘ ਜੀ ਲਿਖਦੇ ਹੈਂ

ਹੋਏ ਖੁਸ਼ੀ ਹੂੰ ਹੂੰ ਕਰ ਸਾਰੇ । ਜਰਾ ਨ ਕੀਨੇ ਪਰਾਨ ਪਯਾਰੇ ।
ਇਹ ਹਮ ਨੇ ਖੁਦ ਨੈਨ ਨਿਹਾਰੇ, ਦੇਖਤ ਥੇ ਜੋ ਲੋਗ ਅਪਾਰੇ ।
ਰਹੇ ਹਿਰਾਨ ਤਿਨ ਕੇ ਸਾਰੇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਉੱਤਮ ਹੈ ਸਭ ਤੋਂ ਗੁਰੂ ਪੂਜਾ, ਬਿਨਾਂ ਏਸ ਨ ਜੀਵ ਕਲਯਾਨ ਹੋਇ ॥
ਧੰਨ ਧੰਨ ਹੈ ਉਹ ਬਲੀ ਸੂਰਾ, ਧਰਮ ਯੁਧ ਵਿਚ ਜੋ ਕੁਰਬਾਨ ਹੋਇ ॥
ਲੋੜਵੰਦ ਤੇ ਦੁਖੀ ਦੀ ਕਰੇ ਸੇਵਾ, ਨਾਮ ਉਸ ਦਾ ਦਾਨੀ ਜਹਾਨ ਹੋਇ ॥
ਹਿਤਕਾਰੀ ਹਨ ਧਰਮ ਦੇ ਇਹ ਤਿੰਨੇ, ਭਗਤ ਦਾਨੀ ਤੇ ਸੂਰ ਬਲਵਾਨ ਹੋਇ ॥

ਕਰਾਵਨ ਧਰਮ ਤੇ ਕਰਮ ਦੀ ਜੈ ਖਾਤਰ, ਸ੍ਰੀ ਰਾਮ ਜੀ ਕ੍ਰਿਸ਼ਨ ਭਗਵਾਨ ਹੋਇ ॥
ਨਿਰੰਕਾਰ ਖੁਦ ਸਾਕਾਰ ਬਣਕੇ , ਗੁਰੂ ਨਾਨਕ ਜੀ ਸ਼ਕਤੀਵਾਨ ਹੋਇ ॥
ਜੋਤ ਉਹ ਹੀ ਸਰੂਪ ਬਦਲ ਕੇ ਤੇ ਗੋਬਿੰਦ ਸਿੰਘ ਜੀ ਗੁਰੂ ਬਲਵਾਨ ਹੋਇ ॥
ਜਾਮਾ ਬਾਰੁਵਾਂ ਹੈ ਏਸ ਦਾ ਬਹੁਤ ਨਿਆਰਾ, ਕੂਕੇ ਸੱਤ ਲਖ ਜਿਨਾਂ ਦੀ ਸ਼ਾਨ ਹੋਇ ॥

ਰਾਜ ਫਰੰਗੀ ਦਾ ਨਾ ਸਹਾਰਦੇ ਹੋਇ , ਵੈਰੀ ਅੰਗ੍ਰੇਜ਼ ਦੇ ਬੜੇ ਮਹਾਨ ਹੋਇ ॥
Divide & Rule ਦੀ ਚਾਲ ਨੂੰ ਜਾਣ ਕੇ ਤੇ, ਨਾਮਧਾਰੀ ਕੂਕੇ ਸਾਵਧਾਨ ਹੋਇ ॥
ਵਿਥਿਆ ਸਿੰਘ ਫਰਵਾਹੀ ਦੀ ਸੁਣ ਕੇ ਤੇ, ਹੀਰਾ ਸਿੰਘ ਜੀ ਬੜੇ ਕ੍ਰੋਧਵਾਨ ਹੋਇ ॥
ਅਰਦਾਸਾ ਸੋਧ ਕੇ ਸਚੇ ਪਾਤਿਸ਼ਾਹ ਦਾ , ਰੱਬੋਂ ਲੈਧ ਮਲੌਦ ਘਮਸਾਨ ਹੋਇ ॥

ਮਲੇਰ ਕੋਟਲਾ ਸੀ ਗੜ੍ਹ ਬੁਚੜਾਂ ਦਾ , ਤੁਰਕ ਹਾਕਮ ਉਥੇ ਲਹੂ ਲੁਹਾਨ ਹੋਇ ॥
ਗਊ ਘਾਤੀ ਅੰਗ੍ਰੇਜ਼ ਦੇ ਪਿਠੂ ਉਹ, ਸਾਰੇ ਨਰਕ ਦੇ ਜਾਇ ਮਹਿਮਾਨ ਹੋਇ ॥
ਕੰਮ ਅਪਣਾ ਸਿੱਧ ਹੋਇਆ ਵੇਖ ਕੇ ਤੇ, ਹੀਰਾ ਸਿੰਘ ਦਾ ਇਉਂ ਫੁਰਮਾਨ ਹੋਇ ॥
ਚਲੋ ਖੁਸ਼ੀ ਦੇ ਨਾਲ ਸ਼ਹੀਦ ਹੋਈਏ ਇਸੇ ਵਿਚ ਹੀ ਸਾਡੀ ਕਲਯਾਨ ਹੋਇ ॥

ਚਲੀ ਤੋਪ ਨ ਤਿੰਨ ਵਾਰ ਵੇਖ ਕੇ ਤੇ, ਸੂਰਮੇ ਸਿੰਘ ਦਾ ਇਉਂ ਫਰਮਾਨ ਹੋਇ ॥
ਕਾਵਨ ਝੂਠਾ, ਝੂਠੀ ਸਰਕਾਰ ਤੇਰੀ, ਸਚ ਨਿਆਉਂ ਨ ਤੇਰੀ ਦੀਬਾਨ ਹੋਇ ॥
ਹੁਕਮ ਪਾਇਕੇ ਹੀਰਾ ਸਿੰਘ ਸੂਰਮੇ ਦਾ ਤੋਪਵਾਲੇ ਮੁੜ ਸਾਵਧਾਨ ਹੋਇ ॥
ਤੋਪ ਚਲੀ ਤੇ ਸਿੰਘ ਗੁਰਪੁਰੀ ਪਹੁੰਚੇ ਵਾਂਙ ਸੂਰਮੇਂ ਉਹ ਕੁਰਬਾਨ ਹੋਇ ॥

ਇਕ ਦੂਜੇ ਨਾਲੋਂ ਅਗੇ ਵਧ ਕੇ ਤੇ ਅਜ਼ਾਦੀ ਲਈ ਕੂਕੇ ਬਲੀਦਾਨ ਹੋਇ ॥
ਹੱਸ ਹੱਸ ਕੇ ਮੌਤ ਨੂੰ ਵਰ੍ਹਿਆ ਸੀ ਭਾਰਤ ਵਰਸ਼ ਦੇ ਕੂਕੇ ਸ਼ਹੀਦਾਨ ਹੋਇ ॥
ਸੁੱਤ ਬਨਿਤਾ ਦਾ ਮੋਹ ਤਿਆਗ ਕੇ ਤੇ ਵਿਚ ਮਾਇਆ ਨ ਕੂਕੇ ਗਲਤਾਨ ਹੋਇ ॥
ਗਊ ਗਰੀਬ ਦੀ ਰਖਿਆ ਕਰਨ ਖਾਤਰ ਦੇਸ਼ ਧਰਮ ਲਈ ਕੂਕੇ ਕੁਰਬਾਨ ਹੋਇ ॥